260

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

REGISTERED NO. P. 201

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

—o—

"ਨਿਰਗੁਨੀਆਰੇ ਗੁਨੁ ਨਹੀ ਕੋਈ॥
ਤੁਮ ਦਾਨੁ ਦੇਹੁ ਮਿਹਰਵਾਨਾ ॥

ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਦਾ

ਮਾਸਕ-ਪੱਤ੍ਰ

# ਨਿਰਗੁਣੀਆਰਾ

[ਜਿ: ੬੯ ] ੧੫ ਫਰਵਰੀ ੧੯੭੧ [ਨੰ: ੨

ਟ੍ਰੈਕਟ ਨੰ: ੧੩੮੨

## ਸਲੋਕ ਸਹਸਕ੍ਰਿਤੀ ਸਟੀਕ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਟੀਕਾ ਕ੍ਰਿਤ

(ਭਾਗ ੧)

ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ

Digitized by Panjab Digital Library | www.panjabdigilib.org

# ਖਬਰਾਂ

ਨਵੀਂ ਦਿੱਲੀ--ਭਾਰਤੀ ਹਵਾਈ ਜਹਾਜ਼ ਜੋ ਦੋ ਡਾਕੂਆਂ ਨੇ ਉਧਾਲਕੇ ਲਾਹੌਰ ਲਿਜਾਕੇ ਸਾੜ ਦਿਤਾ ਹੈ, ਉਸਦੀ ਜੁੰਮੇਂਵਾਰੀ ਪਾਕਸਤਾਨ ਸਰਕਾਰ ਦੀ ਹੋਣ ਕਰਕੇ ਭਾਰਤ ਸਰਕਾਰ ਨੇ ਮੁਆਵਜ਼ਾ ਤੇ ਦੋਵੇਂ ਡਾਕੂ ਮੰਗੇ ਹਨ ਕਿ ਸਾਡੇ ਹਵਾਲੇ ਕਰੋ।

ਗੁਰਦਾਸ ਪੁਰ--ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਲੜਕੀਆਂ ਦੇ ਪ੍ਰਾਇਮਰੀ ਸਕੂਲਾਂ ਵਿਚ ਇਸਤ੍ਰੀ ਚਪੜਾਸੀ ਲਾਇਆ ਜਾਵੇ। ਮੰਗ ਤੇ ੧੦੦ ਮੈਟ੍ਰਿਕ ਜੇ. ਬੀ. ਟੀ. ਤੇ ਹਾਇਅਰ ਸੈਕੰਡਰ. ਪਾਸ ਲੜਕੀਆਂ ਦੀਆਂ ਅਰਜੀਆਂ ਪੁੱਜੀਆਂ ਹਨ।

ਚੰਡੀਗੜ–ਲੋਕ ਸਭਾ ਦੀਆਂ ਚੋਣਾਂ ਲਈ ਪੰਜਾਬ ਦੀਆਂ ੧੩ ਸੀਟਾਂ ਤੇ ੮੩ ਉਮੀਦਵਾਰ ਤੇ ਹਰਿਆਣੇ ਦੀਆਂ ੯ ਸੀਟਾਂ ਤੇ ੬੩ ਉਮੀਦਵਾਰ ਚੋਣ ਲੜ ਰਹੇ ਹਨ।

ਨਵੀਂ ਦਿੱਲੀ—ਲੋਕ ਸਭਾ ਦੀਆਂ ਚੋਣਾਂ ਲਈ ਸਾਰੇ ਭਾਰਤ ਦੀਆਂ ੫੧੮ ਸੀਟਾਂ ਪਰ ੨੫੫੦ ਉਮੀਦਵਾਰ ਹੁਣ ਬਾਕੀ ਖੜ੍ਹੇ ਹਨ, ਜਿਨ੍ਹਾਂ ਪਰ ਵੋਟਾ ਮਾਰਚ ਵਿਚ ਪੈਣਗੀਆਂ।

---

ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ ਵਲੋਂ ਗਿਆਨੀ ਰਾਮ ਸਿੰਘ ਜੀ ਪ੍ਰਿੰਟਰ ਤੇ ਪ੍ਰਕਾਸ਼ਕ ਨੇ ਗੁਰਸੇਵਕ ਪ੍ਰਿੰਟਿੰਗ ਪ੍ਰੈਸ ਸੰਟ੍ਰਲ ਖ਼ਾਲਸਾ ਯਤੀਮਖਾਨਾ [ਚੀਫ਼ ਖ਼ਾਲਸਾ ਦੀਵਾਨ] ਅੰਮ੍ਰਿਤਸਰ ਵਿਚ ਛਾਪਕੇ ਦਫ਼ਤ੍ਰ ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ। [ਸੰਪਾਦਕ–ਗਿਆਨੀ ਰਾਮ ਸਿੰਘ

Digitized by Panjab Digital Library | www.panjabdigilib.org

੧ ਓ ਸਤਿਗੁਰ ਪ੍ਰਸਾਦਿ ॥

ਇਕ ਵੇਰ ਦਾ ਪ੍ਰਸੰਗ ਦੱਸਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਕਾਂਸ਼ੀ ਵਿਚ ਗਏ ਸੇ। ਗੁਰੂ ਜੀ ਦਾ ਜਸ ਸਾਰੇ ਫੈਲ ਰਿਹਾ ਸੀ, ਜਿਸ ਨੂੰ ਸੁਣ ਕੇ ਉੱਥੋਂ ਦੇ ਪੰਡਿਤ ਲੋਕ ਗੁਰੂ ਜੀ ਨਾਲ ਚਰਚਾ ਕਰਨ ਆਏ। ਵਿਦਵਾਨ ਤਾਂ ਓਹ ਲੋਕ ਸੀਗੇ ਹੀ, ਪਰ ਕਰਨੀ ਦੇ ਐਸੇ ਕੱਚੇ ਸਨ ਜੈਸੇ ਅਜ ਕਲ ਲੋਕ ਹੁੰਦੇ ਜਾਂਦੇ ਹਨ। ਚਰਚਾ ਵਾਦ ਨੂੰ ਬੜੇ ਤਕੜੇ, ਆਏ ਗਏ ਸਭ ਨਾਲ ਦੋ ਦੋ ਹੱਥ ਕਰ ਲੈਣੇ, ਕੋਈ ਧਾਰਨਾ ਵਾਲਾ ਭਲਾ ਪੁਰਖ ਆ ਜਾਵੇ, ਜਿਸ ਨੇ ਚਾਹ ਤਕ ਨੂੰ ਵੀ ਚਰ ਲਿਆ ਹੋਵੇ, ਉਸ ਨਾਲ ਬੀ ਚਰਚਾ ਕਰਨ ਲਗ ਪੈਣਾ ਅਰ ਅਪਮਾਨ ਕਰਨਾ। ਜਦ ਸ੍ਰੀ ਗੁਰੂ ਜੀ ਇਥੇ ਆਏ ਤਦ ਪਹਿਲੇ ਤਾਂ ਉਨ੍ਹਾਂ ਦੀ ਆਤਮਕ ਸੱਤਾ ਨਾਲ ਹੀ ਠਿਠਰੇ, ਫੇਰ ਕੁਝ ਬਚਨ ਆਰੰਭਿਆ, ਤਦ ਬੀ ਮੂੰਹ ਦੀ ਖਾਧੀ। ਗੱਲ ਕੀ ਜਦ ਨਿਰੁੱਤਰ ਹੋਏ ਤਦ ਗੁਰੂ ਜੀ ਨੇ ਉਨ੍ਹਾਂ ਦੇ ਦੰਭ ਨੂੰ ਉਧੇੜ ਕੇ ਉਹਨਾਂ ਦੇ ਅੱਗੇ ਰੱਖ ਦਿੱਤਾ ਅਰ ਪ੍ਰਾਕ੍ਰਿਤ ਭਾਸ਼ਾ ਵਿਚ ਉਪਦੇਸ਼ ਕਰਨੇ ਲੱਗੇ। ਇਹ ਉਹ ਭਾਸ਼ਾ ਹੈ, ਜੋ ਸੰਸਕ੍ਰਿਤ ਨਹੀਂ ਅਰ ਨਾ ਹੀ ਦੇਸ਼ ਭਾਸ਼ਾ ਹੈ, ਪਰ ਸੰਸਕ੍ਰਿਤ ਨਾਟਕਾਂ ਵਿਚ ਬਾਤ ਚੀਤ ਦੇ ਸਮੇਂ ਇਹੋ ਭਾਸ਼ਾ ਬੋਲੀ ਜਾਂਦੀ ਹੈ। ਸਗੋਂ ਕਈ ਵਿਦਵਾਨਾਂ ਦਾ ਤਾਂ ਇਹ ਸੰਕੇਤ ਹੈ ਕਿ ਜਿਸ ਸੰਸਕ੍ਰਿਤ ਨਾਟਕ ਵਿਚ ਪ੍ਰਾਕ੍ਰਿਤ ਨਾ ਹੋਵੇ ਉਸ ਨੂੰ ਨਾਟਕ ਹੀ ਨਹੀਂ ਕਹਿੰਦੇ। ਗੁਫਤਗੂ ਦੇ ਵਿਚ ਐਸੀ ਬੋਲੀ ਦੇ ਰਿਵਾਜ ਨੂੰ ਰਚਨਾ ਰਚਨੇ ਵਾਲੇ ਆਵੱਸ਼ਜਕ ਜਾਣਦੇ ਹਨ। ਇਹ ਬੋਲੀ ਹਿੰਦੁਸਤਾਨ ਵਿਚ

Digitized by Panjab Digital Library | www.panjabdigilib.org

ਬਹੁਤ ਵਰਤੀ ਜਾਂਦੀ ਰਹੀ ਹੈ ਅਰ ਆਪਣੇ ਜੁਦੇ ਕਾਵਯ ਕੋਸ਼ਾਂ ਵਿਚ ਤੁਰਦੀ ਹੈ। ਦੇਸ਼ ਭੇਦ ਕਰਕੇ ਇਸ ਦੇ ਰੂਪ ਵਿਚ ਵੀ ਭੇਦ ਹੈ। ਪੰਜਾਬ ਵਿਚ ਇਸਦਾ ਤਦੋਂ ਉਹ ਰੂਪ ਵਰਤਮਾਨ ਸੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਨ੍ਹਾਂ ਸਹਸਕ੍ਰਿਤੀ ਸਲੋਕਾਂ ਅਰ ਗਾਥਾ ਵਿਚ ਵਰਤਿਆ ਹੈ। ਗਾਥਾ ਪਦ ਦਾ ਅਰਥ ਬੀ ਸੰਸਕ੍ਰਿਤ ਬੋਲੀ ਵਿਚ ਪ੍ਰਾਕ੍ਰਿਤ ਹੈ, ਕਿਉਂਕਿ ਪੰਡਤਾਂ ਨਾਲ ਗੱਲ ਬਾਤ ਸੀ, ਇਸ ਲਈ ਸਤਿਗੁਰਾਂ ਨੇ ਬੋਲ ਚਾਲ ਵਾਲੀ ਬੋਲੀ ਪ੍ਰਾਕ੍ਰਿਤ ਵਿਚ ਉਨ੍ਹਾਂ ਨੂੰ ਆਪਣਾ ਸਿਧਾਂਤ ਸੁਣਾਇਆ, ਕਿਉਂਕਿ ਪ੍ਰਾਣੀ ਦਾ ਉਧਾਰ ਤਾਂ ਸਿਧਾਂਤ ਨਾਲ ਹੁੰਦਾ ਹੈ, ਬੋਲੀ ਤਾਂ ਉਹਨਾਂ ਉੱਤਮ ਖਿਆਲਾਂ ਨੂੰ ਪ੍ਰਗਟ ਕਰਨੇ ਦਾ ਨਮਿੱਤ ਮਾਤ੍ਰ ਹੈ। ਕਈ ਅਵਾਣ ਲੋਕ ਬੋਲੀ ਦੀ ਵਡਿਆਈ ਸਮਝਦੇ ਹਨ, ਪਰ ਸਮਝ ਵਾਲੇ ਬੁਧੀਮਾਨ ਸਿੱਧਾਂਤ ਨੂੰ ਦੇਖਦੇ ਹਨ, ਜਿੱਕੁਰ ਕਪੜਿਆਂ ਨਾਲ ਕੋਈ ਪੰਡਿਤ ਨਹੀਂ ਹੋ ਜਾਂਦਾ, ਪੰਡਿਤਾਈ ਤਾਂ ਵਿਦਯਾ ਨਾਲ ਹੁੰਦੀ ਹੈ। ਗੱਲ ਕੀ ਉਸ ਭਾਸ਼ਾ ਵਿਚ ਜੋ ਪੰਡਿਤਾਂ ਦੇ ਅਨੁਕੂਲ ਸੀ, ਗੁਰੂ ਜੀ ਨੇ ਉਨ੍ਹਾਂ ਦੇ ਉਧਾਰ ਨਮਿੱਤ ਇਹ ਉਪਦੇਸ਼ ਦਿਤਾ-

## ੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

## ਸਲੋਕ ਸਹਸਕ੍ਰਿਤੀ ਮਹਲਾ ੧

**ਪੜ੍ਹਿ ਪੁਸਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥ ਮੁਖਿ ਝੂਠੁ ਬਿਭੂਖਨ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥ ਗਲਿ ਮਾਲਾ**

Digitized by Panjab Digital Library | www.panjabdigilib.org

**ਤਿਲਕ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ॥ ਜੋ ਜਾਨਸਿ ਬ੍ਰਹਮੰ ਕਰਮੰ॥ ਸਭ ਫੋਕਟ ਨਿਸਚੈ ਕਰਮੰ॥ ਕਹੁ ਨਾਨਕ ਨਿਸਚੌ ਧ੍ਯਾਵੈ॥ ਬਿਨੁ ਸਤਿਗੁਰ ਬਾਟ ਨ ਪਾਵੈ॥੧॥**

{ਬਾਦੰ = ਵਿਅਰਥ। ਸਿਲ = ਪੱਥਰ। ਸਾਰੰ = ਲੋਹਾ। ਤ੍ਰੈਪਾਲ = ਤ੍ਰਿਲੋਕੀ ਦਾ ਪਾਲਕ, (ਅ) ਗਾਇਤ੍ਰੀ।}
{ਤਿਹਾਲ = ਤਿੰਨ ਵੇਲੇ, (ਅ) ਤੇਹਾ ਹਾਲ। ਲਿਲਾਟੰ = ਮੱਥਾ। ਕਪਾਟੰ = ਸਿਰ। ਫੋਕਟ = ਝੂਠੇ।}

**ਅਰਥ**—ਪੁਸਤਕਾਂ ਪੜ੍ਹਦੇ ਹੋ, ਸੰਧਿਆ ਕਰਦੇ ਅਰ ਝਗੜੇ ਕਰਦੇ ਹੋ। ਪੱਥਰ ਪੂਜਦੇ ਹੋ ਅਰ ਬਗਲੇ ਵਾਂਗੂ (ਝੂਠੀਆਂ) ਸਮਾਧੀਆਂ ਲਾਉਂਦੇ ਹੋ। ਮੂੰਹੋਂ ਝੂਠ ਬੋਲਦੇ ਹੋ ਐਸਾ ਕਿ ਲੋਹੇ ਨੂੰ ਗਹਿਣੇ ਰੂਪ ਸਿੱਧ ਕਰ ਦਿੰਦੇ ਹੋ। ਗਾਯਤ੍ਰੀ ਮੰਤ੍ਰ ਤਿੰਨ ਵੇਲੇ ਵਿਚਾਰਦੇ ਹੋ (ਯਾ ਤ੍ਰਿਲੋਕੀ ਦਾ ਮਾਲਕ ਤੁਸਾਡੇ ਤੇਹੇ ਹਾਲ ਨੂੰ ਜਾਣਦਾ ਹੈ) ਗਲ ਵਿਚ ਮਾਲਾ ਤੇ ਮੱਥੇ ਉਤੇ ਤਿਲਕ ਲਾਉਂਦੇ ਹੋ ਦੋ ਧੋਤੀਆਂ ਰਖਦੇ ਹੋ ਤੇ ਸਿਰ ਤੇ ਪੂਜਾ ਵੇਲੇ ਕਪੜਾ ਰਖਦੇ ਹੋ (ਅਥਵਾ ਪੱਟ ਦੇ ਕਪੜੇ ਪਵਿੱਤਰ ਜਾਣਕੇ ਧਾਰਦੇ ਹੋ); ਪਰ ਜੋ ਬ੍ਰਹਮ ਦੀ ਪ੍ਰਾਪਤੀ ਦੇ ਕਰਮ ਨੂੰ ਜਾਣਦਾ ਹੈ, ਉਹ ਨਿਸਚੇ ਜਾਣਦਾ ਹੈ ਕਿ ਇਹ ਤੁਹਾਡੇ ਕਰਮ ਸਭ ਫੋਕਟ ਹਨ। (ਗੁਰੂ) ਨਾਨਕ (ਜੀ) ਕਹਿੰਦੇ ਹਨ ਨਿਸ਼ਚੇ ਕਰਕੇ ਧਯਾਵੋ ਪਰਮੇਸ਼ਰ ਨੂੰ, ਪਰ ਬਿਨਾਂ ਸਤਿਗੁਰੂ ਦੇ ਇਹ ਰਸਤਾ ਨਹੀਂ ਪਾ ਸਕੀਦਾ।

**ਭਾਵ**—ਜੋ ਪਖੰਡੀ ਭਜਨ ਕਰਦਾ ਹੈ ਉਹ ਕੇਵਲ

Digitized by Panjab Digital Library | www.panjabdigilib.org

ਸ਼ਾਸਤਰ ਪੜ੍ਹਕੇ ਆਪਣੇ ਆਪ ਨੂੰ ਸਿੱਧ ਸਮਝਦਾ ਹੈ, ਪਰ ਜੋ ਸੱਚਮੁੱਚ ਪਰਮੇਸ਼ਰ ਦਾ ਖੋਜੀ ਹੈ ਉਹ ਸਤਿਗੁਰੂ ਨੂੰ ਭਾਲਦਾ ਹੈ, ਜੋ ਉਸ ਨੂੰ ਸੱਚਾ ਰਸਤਾ ਦੱਸਦੇ ਹਨ, ਨਹੀਂ ਤਾਂ ਨਿਰੀ ਵਿਦਯਾ ਦੇ ਸ਼ਾਸਤ੍ਰ ਚਿੰਤਨ ਨਾਲ ਜੀਵ ਭੁੱਲਾ ਤੋਂ ਨਹੀਂ ਬਚ ਸਕਦਾ ਅਰ ਨਾ ਪਖੰਡ ਕਰਨੋਂ ਟਲ ਸਕਦਾ ਹੈ। ਤਾਂਤੇ ਤੁਹਾਡਾ ਜੋ ਪਖੰਡ ਹੈ ਸੋ ਨਿਗੁਰੇ ਹੋਣ ਕਰਕੇ ਹੈ, ਸਤਿਗੁਰੂ ਦੀ ਸ਼ਰਨ ਲਓ ਜੋ ਤੁਹਾਨੂੰ ਰਸਤੇ ਪਾਵੇ। ਇਹ ਬੀ ਪਤਾ ਲਗਦਾ ਹੈ ਕਿ ਗੋਪਾਲ ਨਾਮੇ ਇਕ ਪੰਡਤ ਸੀ, ਜੋ ਇਸ ਉਪਦੇਸ਼ ਸੁਨਣੇ ਵੇਲੇ ਸਭ ਤੋਂ ਪਹਿਲੇ ਗੁਰੂ ਜੀ ਦਾ ਸਿਖ ਬਣਿਆ।

ਪੰਡਿਤਾਂ ਨੂੰ ਗੁਰੂ ਜੀ ਦਾ ਉਪਦੇਸ਼ ਸੁਣਕੇ ਸੁਤੇ ਹੀ ਇਹ ਸੰਸਾ ਫੁਰਨਾ ਸੀ ਕਿ ਸਾਡਾ ਜਨਮ ਤਾਂ ਫੇਰ ਨਿਸਫਲ ਹੀ ਗਿਆ, ਹੁਣ ਇਹ ਸਫਲ ਕਿਸ ਪ੍ਰਕਾਰ ਹੋਵੇ? ਤਦ ਸਤਿਗੁਰੂ ਜੀ ਨੇ ਹੋਰ ਉਪਦੇਸ਼ ਦਿੱਤਾ:—

**ਨਿਹਫਲੰ ਤਸ੍ਯ ਜਨਮਸ੍ਯ ਜਾਵਦ ਬ੍ਰਹਮ ਨ ਬਿੰਦਤੇ ॥ ਸਾਗਰੰ ਸੰਸਾਰਸ੍ਯ ਗੁਰਪਰਸਾਦੀ ਤਰਹਿ ਕੇ ॥**

| | |
|---|---|
| ਤਸ੍ਯ = ਤਿਸਦਾ। | ਜਾਵਦ = ਜਦ ਤਕ। |
| ਬ੍ਰਹਮ = ਪਰਮੇਸੁਰ। | ਬਿੰਦਤੇ = ਜਾਣਦਾ ਹੈ। |
| ਸਾਗਰੰ = ਸਮੁੰਦਰ। | ਪਰਸਾਦੀ = ਕ੍ਰਿਪਾ ਨਾਲ। |

**ਅਰਥ**—(ਤਦ ਤੀਕ) ਉਸ ਪੁਰਖ ਦਾ ਜਨਮ ਨਿਸ਼ਫਲ ਹੈ ਜਦ ਤਕ ਉਹ ਪੁਰਸ਼ ਪਰਮੇਸ਼ਰ ਨੂੰ ਨਾ ਜਾਣ ਲਵੇ, (ਕਿਉਂਕਿ) ਸੰਸਾਰ ਤਾਂ ਸਮੁੰਦਰ ਦੀ ਨਿਆਈਂ ਹੈ (ਅਰ ਇਸ ਸਮੁੰਦਰ ਦਾ) ਤਰਨਾ ਗੁਰੂ ਦੀ ਕ੍ਰਿਪਾ ਦੇ ਨਾਲ ਹੀ ਹੋ ਸਕਦਾ ਹੈ।

Digitized by Panjab Digital Library | www.panjabdigilib.org

**ਭਾਵ**—ਬਿਨਾਂ ਸਾਗਰ ਨੂੰ ਤਰਨੇ ਦੇ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੈ, ਤਾਂਤੇ ਸੰਸਾਰ ਤੋਂ ਤਰਨੇ ਨਮਿਤ ਗੁਰੂ ਜੀ ਦੀ ਕ੍ਰਿਪਾ ਪ੍ਰਾਪਤ ਕਰਨੀ ਚਾਹੀਏ । ਜਦ ਕ੍ਰਿਪਾ ਪ੍ਰਾਪਤ ਹੋ ਗਈ, ਫਿਰ ਸੰਸਾਰ ਰੂਪੀ ਸਮੁੰਦਰ ਤਰਿਆ ਜਾਏਗਾ । ਜਦ ਸੰਸਾਰ ਨੂੰ ਤਰ ਲਿਆ ਤਦ ਅਕਾਲ ਪੁਰਖ ਦੀ ਪ੍ਰਾਪਤੀ ਹੋ ਗਈ, ਜਦ ਇਹ ਉੱਤਮ ਦਸ਼ਾ ਹੋ ਗਈ ਤਦ ਜਾਣੋਂ ਕਿ ਜਨਮ ਸਫਲਾ ਹੋ ਗਿਆ । ਇਸ ਵਿਚ ਗੁਰੂ ਜੀ ਨੇ ਉਨ੍ਹਾਂ ਨੂੰ ਸੂਚਤ ਕੀਤਾ ਹੈ ਕਿ ਤੁਸੀਂ ਕੇਵਲ ਸ਼ਾਸਤ੍ਰ ਪੜ੍ਹ ਕੇ ਬਿਨਾਂ ਗੁਰੂ ਭੇਟੇ ਅਰ ਬਿਨਾਂ ਕਮਾਈ ਕੀਤੇ ਦੇ ਵਡੇ ਬਣ ਬੈਠੇ ਹੋ, ਆਪਣੇ ਆਪ ਨੂੰ ਮੁਕਤ ਰੂਪ ਜਾਣ ਕੇ ਦੂਸਰਿਆਂ ਦੇ ਗੁਰੂ ਬਣ ਰਹੇ ਹੋ, ਪਰ ਤੁਹਾਡਾ ਤਾ ਜਨਮ ਹੀ ਨਿਸ਼ਫਲ ਹੈ, ਕਿਉਂਕਿ ਸੰਸਾਰ ਸਮੁੰਦਰ ਵਤ ਹੈ, ਇਸ ਵਿਚ ਕਾਮ ਕ੍ਰੋਧ ਆਦਿ ਲਹਿਰਾਂ ਵਗ ਰਹੀਆਂ ਹਨ, ਵਿਸ਼ਿਆਂ ਦੇ ਹੜ੍ਹ ਆ ਰਹੇ ਹਨ, ਉਸ ਨੂੰ ਤਰ ਨਿਕਲਨਾ ਬੜਾ ਕਠਨ ਹੈ । ਕੇਵਲ ਵਿਦਿਆ ਕਾਫੀ ਨਹੀਂ ਹੈ ਜੋ ਪਾਰ ਲੰਘਾ ਸਕੇ, ਜਿਹਾ ਕੁ ਗੁਰੂ ਜੀ ਨੇ ਕਿਹਾ ਹੈ:—'ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ' ਕਿ ਐਸਾ ਭਿਆਨਕ ਸੰਸਾਰ ਹੈ ਜਿਥੇ ਬਿਨਾਂ ਗੁਰੂ ਦੀ ਕ੍ਰਿਪਾ ਅਰ ਕਰਨੀ ਦੇ ਕੋਈ ਨਹੀਂ ਬਚ ਸਕਦਾ । ਜੇ ਨਹਿਰ ਦਾ ਤਾਰੂ ਸਮੁੰਦਰ ਤਰਨਾ ਚਾਹੇ ਤਦ ਜ਼ਰੂਰ ਡੁਬਦਾ ਹੈ, ਪਰ ਜੇ ਜਹਾਜ਼ ਵਿਚ ਚੜ੍ਹ ਬੈਠੇ ਤਦ ਪਾਰ ਲੰਘ ਸਕਦਾ ਹੈ, ਸੋ ਗੁਰੂ ਨਾਨਕ ਦੇਵ ਜੀ ਜਹਾਜ ਰੂਪੀ ਹਨ, ਉਨ੍ਹਾਂ ਦੇ ਆਸਰੇ ਭਵ ਸਾਗਰ ਸੁਖੈਨ ਤਰਿਆ ਜਾ ਸਕਦਾ ਹੈ । ਤਦ ਪੰਡਿਤਾਂ ਦੇ ਹਿਰਦੇ ਨੂੰ ਸੁਤੇ ਖਿੱਚ ਪਈ ਅਰ ਚਰਨੀਂ ਡਿੱਗਣਾ ਚਾਹੁਣ, ਪਰ ਵਿਦਵਾਨ ਮਨ ਅਕਸਰ ਹੰਕਾਰੀ ਹੋਇਆ ਕਰਦੇ ਹਨ, ਨੀਉਣਾ ਉਨ੍ਹਾਂ ਲਈ ਕਠਨ ਹੁੰਦਾ ਹੈ । ਇਕ ਹੋਰ ਪ੍ਰਸ਼ਨ ਕਰ ਦਿਤੋ ਨੇ ਕਿ ਸਚੇ ਪਾਤਸ਼ਾਹ ! ਜਦ ਤਕ ਕਾਰਣ ਸਹਾਇਤਾ ਨਾ ਕਰੇ ਤਦ ਤਕ ਗੁਰੂ ਦੀ ਪ੍ਰਾਪਤੀ ਕਿੱਥੇ ?

Digitized by Panjab Digital Library | www.panjabdigilib.org

ਤਾਂਤੇ ਕਾਰਣ ਦੇ ਨਾ ਹੋਣੇ ਕਰਕੇ ਅਸੀਂ ਸਮਝ ਦੁਆਰਾ ਹੀ ਤਸੱਲੀ ਕਰ ਬੈਠੇ ਹਾਂ ਕਿ ਮੈਂ ਤੇ ਪਰਮੇਸ਼ਰ ਕੋਈ ਦੋ ਪਦਾਰਥ ਨਹੀਂ । ਇਸ ਸ਼ਰਧਾ ਰਹਿਤ ਬਚਨ ਨੂੰ ਸੁਣਕੇ ਸ੍ਰੀ ਸਤਿਗੁਰੂ ਜੀ ਬੋਲੇ :-

**ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥ ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥ ੨ ॥**

**ਅਰਥ**—ਗੁਰੂ ਨਾਨਕ ਜੀ ਵੀਚਾਰ ਕਹਿਦੇ ਹਨ (ਕਿ ਹੇ ਪੰਡਿਤੋ !) ਕਾਰਨਾਂ ਦੇ ਕਰਨੇ ਵਾਲਾ ਸਮਰਥ ਹੈ, ਕਾਰਨ ਉਸ ਅਕਾਲ ਪੁਰਖ ਦੇ ਵੱਸ ਹੈ, ਜਿਸ ਨੇ ਸ਼ਕਤੀ ਨੂੰ ਧਾਰਨ ਕਰ ਰੱਖਿਆ ਹੈ ।

**ਭਾਵ**—ਉਹ ਅਕਾਲ ਪੁਰਖ ਕਾਰਨਾਂ ਦਾ ਕਾਰਨ, ਕਾਰਨਾਂ ਦੇ ਕਰਨੇ ਵਾਲਾ, ਕਾਰਨਾਂ ਦਾ ਮਾਲਕ ਹੈ । ਤੁਸੀਂ ਕਾਰਨ ਨੂੰ ਮੁੱਖ ਰਖਕੇ ਉਸਦੇ ਕਰਨ ਵਾਲੇ ਨੂੰ ਭੁੱਲ ਗਏ ਹੋ । ਤੁਸੀਂ ਜਾਣਦੇ ਹੋ ਕਿ ਸ਼ੁਭ ਕਰਮ ਕਰਾਂਗੇ ਤਾਂ ਸੁਖੀ ਹੋਵਾਂਗੇ, ਪਰ ਉਸ ਨੂੰ ਭੁਲਾ ਦਿੰਦੇ ਹੋ ਜੋ ਸ਼ੁਭ ਕਰਮਾਂ ਦੇ ਕਰਨੇ ਦੀ ਸ਼ਕਤੀ ਦੇਣੇ ਵਾਲਾ ਹੈ । ਤੁਸੀਂ ਪੁਤਲੀਆਂ ਦੇ ਨਚਾਉਣ ਵਾਲੇ ਵਲ ਨਹੀਂ ਦੇਖਦੇ। ਇਸ ਦਸ਼ਾ ਨੂੰ ਛੱਡ ਕੇ ਉਸ ਕਾਰਨਾਂ ਦੇ ਅਧਿਸ਼ਟਾਨ ਵੱਲ ਦ੍ਰਿਸ਼ਟੀ ਕਰੋ ਅਰ ਨਿਰ-ਹੰਕਾਰ ਹੋ ਕੇ ਉਸਦੀ ਸ਼ਰਨ ਫੜੋ, ਫੇਰ ਦੇਖੋ ਸਭ ਕਾਰਜ ਰਾਸ ਹੋ ਜਾਂਦੇ ਹਨ। ਕਬੀਰ ਜੀ ਨੇ ਭੀ ਉਪਦੇਸ਼ ਦਿਤਾ ਹੈ:—"ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ" । ਜੋ ਜੀਵ ਬ੍ਰਿਛ ਦੇ ਅਧਿਸ਼ਟਾਨ ਜੜ੍ਹਾਂ ਨੂੰ ਫੜਦੇ ਹਨ ਉਹ ਸਾਰੇ ਬ੍ਰਿੱਛ ਤੋਂ ਮਹਿਰਮ ਹੋ ਜਾਂਦੇ

Digitized by Panjab Digital Library | www.panjabdigilib.org

ਹਨ, ਤਾਂਤੇ ਉਸ ਅਕਾਲ ਪੁਰਖ ਦੀ ਸ਼ਰਨ ਫੜੋ ਅਰ ਉਸ ਪੁਰ ਭਰੋਸਾ ਕਰੋ। ਤਦ ਬ੍ਰਾਹਮਣ ਬੋਲੇ ਕਿ ਹੇ ਮਹਾਰਾਜ! ਵਰਣਾਂ ਵਰਣਾਂ ਦੇ ਜੋ ਵੱਖ ਵੱਖ ਧਰਮ ਹਨ, ਉਹਨਾਂ ਵਿਚੋਂ ਕਿਹੜਾ ਵਰਤਣ ਜੋਗ ਹੈ, ਯਤਾ :-

**ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ॥ ਖ੍ਯ੍ਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ॥**

{ਸਬਦੰ = ਧਰਮ। ਸੂਰ = ਸੂਰਮਤਾ। ਪਰਾਕ੍ਰਿਤਹ = ਪਰ ਸੇਵਾ।}

**ਅਰਥ**—ਜੋਗੀਆਂ ਦਾ ਧਰਮ ਤਾਂ ਗਿਆਨ ਧਰਮ ਹੈ, ਬ੍ਰਾਹਮਣ ਦਾ ਧਰਮ ਵੇਦ ਹੈ, ਖਤ੍ਰੀਆਂ ਦਾ ਸੂਰਮਤਾ, (ਵੈਸ਼ਾਂ ਦਾ ਕਿਰਤ ਅਰ) ਸੂਦ੍ਰ ਦਾ ਪਰਾਈ ਸੇਵਾ ਕਰਨੀ। (ਇਸ ਵਿਚ ਮਨ ਦੀ ਕਲਯਾਨ ਹੈ)।

ਤਦ ਗੁਰੂ ਜੀ ਬੋਲੇ ਕਿ ਕਲਯਾਨ ਹਿਤ ਤਾਂ ਸਭ ਦਾ ਧਰਮ ਇਕੋ ਹੈ, ਯਥਾ :-

**ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ॥ ਨਾਨਕ ਤਾਕੋ ਦਾਸੁ ਹੈ ਸੋਈ ਨਿਰੰਜਨ ਦੇਉ॥ ੩॥**

{ਸਬਦੰ = ਧਰਮ। ਭੇਉ = ਭੇਦ।}

**ਅਰਥ**—ਸਭ ਦਾ ਧਰਮ ਇਕੋ ਧਰਮ ਹੈ, ਪਰ ਜੇ ਕੋਈ ਇਸ ਭੇਦ ਨੂੰ ਜਾਣ ਲਏ ਤਾਂ (ਗੁਰੂ) ਨਾਨਕ (ਦੇਵ ਜੀ ਕਹਿੰਦੇ ਹਨ) ਅਸੀਂ ਉਸ ਦੇ ਦਾਸ ਹਾਂ ਜੋ ਮਾਯਾ ਰਹਿਤ ਪ੍ਰਕਾਸ਼ ਸਰੂਪ ਹੈ।

Digitized by Panjab Digital Library | www.panjabdigilib.org

**ਭਾਵ**—ਇਹ ਹੈ ਕਿ ਸਭ ਲਈ ਉਪਦੇਸ਼ ਇਕ ਨਾਮ ਦਾ ਹੈ, ਪਰ ਜੇ ਕੋਈ ਭੇਦ ਨੂੰ ਸਮਝੇ, ਜੇ ਨਾ ਸਮਝੇ ਤਾਂ ਕੁਝ ਗਲ ਨਹੀਂ, ਕਿਉਂਕਿ 'ਬਿਨ ਬੂਝੇ ਪਸੂ ਢੋਰ' ਮਹਾਰਾਜ ਦਾ ਵਾਕ ਹੈ। ਕਈ ਪੁਰਖ ਸਮਝ ਨਾ ਹੋਣੇ ਕਰਕੇ ਠੱਠਾ ਕਰਦੇ ਹਨ ਅਰ ਨਿਸਚਾ ਨਹੀਂ ਕਰਦੇ, ਇਸੇ ਲਈ ਮਹਾਰਾਜ ਨੇ ਉਨ੍ਹਾਂ ਬ੍ਰਾਹਮਣਾਂ ਨੂੰ ਜਤਾਇਆ ਕਿ ਭਾਵੇਂ ਤੁਸੀਂ ਵਿਦਵਾਨ ਹੋ, ਪਰ ਉਸ ਪਰਮਾਤਮਾਂ ਦੇ ਭੇਦ ਨੂੰ ਖੋਜੋ, ਤਦ ਤੁਹਾਨੂੰ ਸੁਖ ਹੋਵੇਗਾ। ਗੁਰੂ ਜੀ ਨੂੰ ਫਿਰ ਕਾਂਸ਼ੀ ਦੇ ਪੰਡਿਤਾਂ ਨੇ 'ਇਕ ਧਰਮ' ਦੀ ਬਾਬਤ ਪੁਛਿਆ, ਜਿਸ ਦਾ ਇਸ਼ਾਰਾ ਪਹਿਲੇ ਸਲੋਕ ਵਿਚ ਹੈ, ਤਦ ਗੁਰੂ ਜੀ ਨੇ ਉਚਾਰਨ ਕੀਤਾ।

**ਏਕ ਕ੍ਰਿਸਨੰ ਤ ਸਰਬ ਦੇਵਾਦੇਵ ਦੇਵਾਤ ਆਤਮਹ॥ ਆਤਮੰ ਸ੍ਰੀ ਬਾਸੁਦੇਵਸ੍ਯ ਜੇ ਕੋਈ ਜਾਨਸਿ ਭੇਵ॥ ਨਾਨਕ ਤਾਕੋ ਦਾਸੁ ਹੈ ਸੋਈ ਨਿਰੰਜਨ ਦੇਵ॥ ੪॥**

{ਕ੍ਰਿਸਨੰ = ਪਰਮੇਸੁਰ*। ਦੇਵਾਦੇਵ = ਦੇਵ ਅਤੇ ਅਦੇਵ।}

**ਅਰਥ**—ਇਕ ਬ੍ਰਹਮ ਹੈ ਜੋ ਸਭ ਦੇਵਤਿਆਂ ਅਰ ਅਦੇਵ (ਰਾਖਸ਼ਾਂ) ਅਰ ਦੇਵਾਤ (ਤੇਜੱਸ੍ਵੀਆਂ = ਅਵਤਾਰ,ਪੈਗੰਬਰ ਸਭ ਦਾ ਆਦਿ) ਆਤਮਾ ਹੈ। ਉਹ ਆਤਮਾ ਘਟ ਘਟ ਵਿਚ

---

*ਇਸ ਕ੍ਰਿਸ਼ਨ ਪਦ ਦਾ ਅਰਥ ਸੰਸਕ੍ਰਿਤ ਵਾਲਿਆਂ ਨੇ ਇਸ ਪ੍ਰਕਾਰ ਕੀਤਾ ਹੈ:—ਕ੍ਰਿਖੀ ਭੂ ਵਾਚਕੋ ਸ਼ਬਦਾਣਸਚੁ ਨਵਿਰਤੀ ਵਾਚਕ: ਤਯੋਰੇਕੰ ਪਰਮ ਬ੍ਰਹਮ ਕ੍ਰਿਸ਼ਨ ਇਤਜਵਧੀਯਤੇ॥ ਅਰਥਾਤ—ਹੋਣਾ ਅਤੇ ਨਵਿਰਤੀ ਇਹਨਾਂ ਦੀ ਜੋ ਏਕਤਾ ਹੈ ਉਸ ਪਾਰਬ੍ਰਹਮ ਦਾ ਵਾਚਕ ਕ੍ਰਿਸ਼ਨ ਪਦ ਹੈ।

Digitized by Panjab Digital Library | www.panjabdigilib.org

ਵਿਆਪਕ ਹੈ। {ਵਸ = ਨਿਵਾਸੇ ਧਾਤੂ ਹੈ ਬਾਸਦੇਵ ਦਾ} ਇਸ ਭੇਤ ਨੂੰ ਜੇ ਕੋਈ ਜਾਣ ਲਵੇ (ਚੁੰਚ ਗਜਾਨੀਆਂ ਵਾਂਙ ਨਹੀਂ, ਪਰ ਉਸਨੂੰ ਘਟ ਘਟ ਵਿਚ ਜਾਣ ਲਵੇ, ਉਸ ਦਾ ਲੱਛਣ ਕਹਿੰਦੇ ਹਨ ਕਿ) ਉਹ ਮਾਯਾ ਰਹਿਤ ਪ੍ਰਕਾਸ਼ ਸਰੂਪ ਹੋ ਜਾਂਦਾ ਹੈ, ਨਾਨਕ ਉਸ ਦਾ ਦਾਸ ਹੈ।

**ਭਾਵ**–ਜਿਸ ਨੇ ਵਾਹਿਗੁਰੂ ਨੂੰ ਘਟ ਘਟ ਵਿਆਪਕ ਜਾਣ **ਲਿਆ** ਹੈ ਉਹ ਐਸਾ ਮਾਨਨੀਯ ਹੈ ਕਿ ਗੁਰੂ ਸਾਹਿਬ ਜੀ ਆਪਣੇ ਆਪ ਨੂੰ ਉਸ ਦਾ ਦਾਸ ਸਮਝਦੇ ਹਨ। ਆਧੁਨਕ ਵੇਦਾਂਤੀਆਂ ਨੂੰ ਸਿਖਯਾ ਲੈਣੀ ਚਾਹੀਏ ਕਿ ਜਿਸ ਪਦਵੀ ਦੀ ਮਹਾਰਾਜ ਐਡੀ ਸ਼ਲਾਘਾ ਕਰਦੇ ਹਨ ਕੀ ਉਹ ਅਹੰਬ੍ਰਹਮ ਕਹਿਣੇ ਤੇ ਪ੍ਰਾਪਤ ਹੋ ਸਕਦੀ ਹੈ? ਨਹੀਂ, ਪਰ ਕਰਨੀ ਦੇ ਸੂਰਮੇ ਬਨਣਾ ਯੋਗ ਹੈ, ਮੂੰਹੋਂ 'ਮੈਂ ਰੱਬ ਰੱਬ' ਕਹਿਣ ਤੋਂ ਕੋਈ ਰੱਬ ਨਹੀਂ ਬਣ ਸਕਦਾ।

ਪਿਛਲੇ ਸਲੋਕ ਵਿਚ ਦੱਸਿਆ ਸੀ ਕਿ ਸਭ ਦਾ ਧਰਮ ਇਕ ਅਕਾਲ ਪੁਰਖ ਦਾ ਸਿਮਰਣ ਹੈ। ਇਸ ਵਿਚ ਉਸ ਦਾ ਕਾਰਣ ਦੱਸਿਆ ਹੈ, ਕਿ ਸਭ ਦੇਵ ਆਦੀ ਤੋਂ ਲੈ ਕੇ ਕੀੜੀ ਤਕ ਵਿਚ ਅਕਾਲ ਪੁਰਖ ਵਿਆਪਕ ਹੈ ਅਰ ਇੱਕੋ ਹੈ। ਤਾਂਤੇ ਉਸ ਇਕ ਅਰ ਘਟ ਘਟ ਵਿਆਪਕ ਦੇ ਮਿਲਣੇ ਦਾ ਜ਼ਰੀਆ ਬੀ ਇਕੋਹੈ:ਨਾਮ ਸਿਮਰਣ ਹੈ। ਫਿਰ ਅਕਾਲ ਪੁਰਖ ਇਕ ਹੈ, ਵਿਆਪਕ ਹੈ, ਇਸ ਕਰਕੇ ਸਭ ਦਾ ਧਰਮ 'ਨਾਮ ਜਪਣਾ' ਬੀ ਇਕ ਹੈ।

Digitized by Panjab Digital Library | www.panjabdigilib.org

# ਸਲੋਕ ਸਹਸਕ੍ਰਿਤੀ ਮਹਲਾ ੫*

## ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਸੰਸਾਰਕ ਸੰਬੰਧਾਂ ਅਰ ਪਦਾਰਥਾਂ ਵਿਖੇ ਲੋਕ ਲੱਗ ਕੇ ਪਰਮਾਰਥ ਨੂੰ ਭੁਲਾ ਦਿੰਦੇ ਹਨ। ਜੀਵ ਦਾ ਅਸਲ ਸੰਬੰਧ ਤਾਂ ਅਕਾਲ ਪੁਰਖ ਨਾਲ ਹੈ ਅਰ ਮਾਯਾ ਦੇ ਵੱਸ ਵਿਚ ਹੋ ਕੇ ਇਹ ਸੰਸਾਰਕ ਪਦਾਰਥਾ ਨੂੰ ਆਪਣਾ ਸਮਝ ਲੈਂਦਾ ਹੈ, ਉਸ ਨਿੰਦ੍ਰਾ ਵਿਚੋਂ ਜਗਾਉਣੇ ਹਿਤ ਗੁਰੂ ਸਾਹਿਬ ਪੁੱਛਦੇ ਹਨ :-

**ਕਤੰਚ ਮਾਤਾ ਕਤੰਚ ਪਿਤਾ ਕਤੰਚ ਬਨਿਤਾ ਬਿਨੋਦ ਸੁਤਹ ॥ ਕਤੰਚ ਭ੍ਰਾਤ ਮੀਤ ਹਿਤ ਬੰਧਵ ਕਤੰਚ ਮੋਹ ਕੁਟੰਬ੍ਯ੍ਯਤੇ ॥ ਕਤੰਚ ਚਪਲ ਮੋਹਨੀ ਰੂਪੰ ਪੇਖੰਤੇ ਤਿਆਗੰ ਕਰੋਤਿ ॥ ਰਹੰਤ ਸੰਗ ਭਗਵਾਨ ਸਿਮਰਣ ਨਾਨਕ ਲਬਧੵੰ ਅਚੁਤ ਤਨਹ ॥੧॥**

---

*ਕਈ ਪੁਰਾਤਨਾਂ ਦਾ ਖਿਆਲ ਹੈ ਕਿ ਪੰਡਿਤ ਸ੍ਰੀ ਗੁਰੂ ਜੀ ਦੇ ਦਰਸ਼ਨ ਨੂੰ ਆਏ ਸੇ, ਜਿਨ੍ਹਾਂ ਪ੍ਰਤੀ ਗਾਥਾ ਅਰਥਾਤ ਪ੍ਰਾਕ੍ਰਿਤ ਬੋਲੀ ਵਿਚ ਉਪਦੇਸ਼ ਹੋਇਆ। ਇਕ ਕਹਿੰਦੇ ਹਨ ਕਿ ਗੋਪਾਲ ਪੰਡਿਤ ਦਾ ਪੋਤਾ ਧਰਮ ਦੱਤ ਮਹਾਰਾਜ ਦੇ ਦਰਸ਼ਨ ਨੂੰ ਆਇਆ ਤੇ ਉਸ ਪ੍ਰਤੀ ਉਪਦੇਸ਼ ਹੋਇਆ।

Digitized by Panjab Digital Library | www.panjabdigilib.org

{ਕਤੰਚ = ਕਿਸ ਪ੍ਰਕਾਰ, ਕਦ ਦੇ। ਕਤੰਚ ਪਦ ਸੰਸਕ੍ਰਿਤ ਕਥੰਚਨ ਤੋਂ ਹੈ।
ਬਨਿਤਾ ਬਿਨੋਦ = ਇਸਤ੍ਰੀਆਂ ਦੇ ਕੌਤਕ। ਚਪਲ = ਚੰਚਲ।
ਅਚੁਤ ਤਨਹ = ਅਕਾਲ ਪੁਰਖ ਦੇ ਪੁਤ੍ਰ, ਭਾਵ ਸੰਤ।}

**ਅਰਥ**—ਮਾਤਾ, ਪਿਤਾ, ਇਸਤ੍ਰੀਆਂ ਦੇ ਕੌਤਕ, ਪੁਤਰ, ਭਰਾ, ਮਿਤ੍ਰ, ਹਿਤੂ, ਸਾਕ ਅੰਗ ਕੁਟੰਬ ਦਾ ਮੋਹ ਆਦਿਕ ਕਿਸ ਪ੍ਰਕਾਰ ਕਰਕੇ ਹਨ, ਅਥਵਾ ਕਦ ਦੇ ਇਹ ਹਨ ? (ਅਗੇ ਗੁਰੂ ਜੀ ਕਹਿੰਦੇ ਹਨ ਕਿ ਇਨ੍ਹਾਂ ਸਭਨਾਂ ਦਾ ਕਾਰਣ ਰੂਪ) ਚੰਚਲ ਮਾਯਾ ਮੋਹਨੀ ਕਿਸ ਪ੍ਰਕਾਰ ਕਰਕੇ ਹੈ ਜੋ ਦੇਖਦਿਆਂ ਹੀ ਛੱਡ ਜਾਂਦੀ ਹੈ। ਪਰਮੇਸ਼ੁਰ ਦਾ ਸਿਮਰਣ ਸੰਗ ਰਹਿੰਦਾ ਹੈ, ਜੋ ਸੰਤਾਂ ਦੇ ਸੰਗ ਕਰਕੇ (ਕਹਿੰਦੇ ਹਨ ਗੁਰੂ) ਨਾਨਕ ਕਿ ਪ੍ਰਾਪਤ ਹੁੰਦਾ ਹੈ।

**ਭਾਵ**—ਇਹ ਸਾਰੇ ਪਦਾਰਥ ਜੋ ਮਾਯਾ ਦੇ ਪਸਾਰੇ ਤੋਂ ਹਨ, ਸਮੇਤ ਮਾਯਾ ਦੇ ਨਾਸ਼ੀ ਹਨ। ਪ੍ਰਸ਼ਨ ਪੁੱਛਣ ਤੋਂ ਭਾਵ ਇਹ ਹੈ ਕਿ ਇਹ ਸਥਿਰ ਰੂਪ ਨਹੀਂ। ਪ੍ਰਾਣੀ ਨੇ ਇਨ੍ਹਾਂ ਨੂੰ ਸਥਿਰ ਰੂਪ ਜਾਣ ਛਡਿਆ ਹੈ, ਪਰ ਇਹ ਸਭ ਨਾਸ਼ ਹੋ ਜਾਣਗੇ, ਇਸ ਲਈ ਇਨ੍ਹਾਂ ਦਾ ਮੋਹ ਠੀਕ ਨਹੀਂ। ਉਸ ਨੂੰ ਲੱਭਣਾ ਚਾਹੀਏ ਕਿ ਜੋ ਅਟੱਲ ਰੂਪ ਹੋਵੇ। ਅੱਗੇ ਗੁਰੂ ਜੀ ਦੱਸਦੇ ਹਨ ਕਿ ਪਰਮੇਸ਼ਰ ਦਾ ਸਿਮਰਣ ਸੰਗ ਰਹਿੰਦਾ ਹੈ, ਇਹ ਪਦਾਰਥ ਦ੍ਰਿੜ੍ਹ ਹੈ, ਇਹ ਕਦੇ ਨਾਸ਼ ਨੂੰ ਪ੍ਰਾਪਤ ਨਹੀਂ ਹੁੰਦਾ, ਤਾਂਤੇ ਇਸ ਨੂੰ ਧਾਰਣ ਕਰੋ। ਪਰ ਪਰਮੇਸ਼ੁਰ ਦਾ ਸਿਮਰਣ ਪ੍ਰਾਪਤ ਕਰਨੇ ਦਾ ਕੀ ਰਸਤਾ ਹੈ ? ਗੁਰੂ ਜੀ ਦੱਸਦੇ ਹਨ 'ਲਬਧੰ ਅਚੁਤ ਤਨਹ' ਕਿ ਭਜਨ ਸੰਤਾਂ ਦੀ ਸੰਗਤ ਤੋਂ ਪ੍ਰਾਪਤ ਹੁੰਦਾ ਹੈ। ਉਨ੍ਹਾਂ ਸਾਧੂਆਂ ਦੀ ਸੰਗਤ ਤੋਂ ਨਹੀਂ ਜੋ ਭਗਵੇ ਕਪੜੇ ਪਾਕੇ ਸੰਸਾਰ ਨੂੰ ਠਗਦੇ ਫਿਰਦੇ ਹਨ, ਪਰ ਉਹ ਸਾਧੂ ਜੋ 'ਅਚੁਤ ਤਨਹ' ਕਹਾਉਣ ਦੇ ਜੋਗ ਹਨ। ਅਚੁਤ = ਜੋ ਨਾਸ਼ ਨਹੀਂ ਹੁੰਦਾ, ਅਕਾਲ ਪੁਰਖ, ਤਿਸਦੇ ਤਨਹ = ਪੁਤ੍ਰ। ਸੰਤ

Digitized by Panjab Digital Library | www.panjabdigilib.org

ਉਹ ਹਨ ਜੋ ਅਕਾਲ ਪੁਰਖ ਦੇ ਪੁਤਰ ਕਹਾਉਣ ਦੇ ਜੋਗ ਹਨ।

ਸੋ ਪਿਆਰਿਓ ! ਮਾਇਕ ਪਦਾਰਥਾਂ ਦੇ ਮੋਹ ਨੂੰ ਦੂਰ ਕਰਕੇ ਸਚੇ ਪਰਮੇਸ਼ੁਰ ਨਾਲ ਲਿਵ ਲਾਓ ਅਰ ਸੰਤਾਂ ਭਗਤਾਂ ਦੀ ਸੰਗਤ ਕਰੋ ਜੋ ਵਾਹਿਗੁਰੂ ਦਾ ਭਜਨ ਦ੍ਰਿੜ੍ਹ ਹੋ ਜਾਵੇ।

ਪਹਿਲੇ ਸਲੋਕ ਵਿਚ ਮਹਾਰਾਜ ਨੇ ਦਿਖਲਾਇਆ ਹੈ ਕਿ ਸਨਬੰਧੀ ਆਦਿ ਤੇਰੇ ਪਰੰਪਰਾ ਦੇ ਸਾਥੀ ਨਹੀਂ ਹਨ, ਅਕਾਲ ਪੁਰਖ ਨੂੰ ਢੂੰਡ। ਹੁਣ ਅੱਗੇ ਦਸਦੇ ਹਨ ਕਿ ਸੰਬੰਧੀਆਂ ਆਦਿਕਾਂ ਨਾਲ ਜੋ ਤੇਰਾ ਪਜਾਰ ਹੈ, ਸੋ ਫਿਟਕਾਰ ਦੇ ਜੋਗ ਹੈ।

**ਧ੍ਰਿੰਗ ਮਾਤ ਪਿਤਾ ਸਨੇਹੰ ਧ੍ਰਿਗ ਸਨੇਹੰ ਭ੍ਰਾਤ ਬਾਂਧਵਹ॥ ਧ੍ਰਿਗ ਸ੍ਨੇਹੰ ਬਨਿਤਾ ਬਿਲਾਸ ਸੁਤਹ॥ ਧ੍ਰਿਗ ਸ੍ਨੇਹੰ ਗ੍ਰਿਹਾਰਥਕਹ ॥ ਸਾਧ ਸੰਗ ਸ੍ਨੇਹ ਸਤਿੰ॥ ਸੁਖਯੰ ਬਸੰਤਿ ਨਾਨਕਹ ॥੨॥**

{ਧ੍ਰਿੰਗ = ਧ੍ਰਿਗ ਹੈ। ਸਨੇਹੰ = ਪਿਆਰ। ਬਨਿਤਾ = ਇਸਤ੍ਰੀ। ਗ੍ਰਿਹਾਰਥਕਹ = ਘਰਦੇ ਪਦਾਰਥਾਂ ਦਾ}

**ਅਰਥ**—ਧ੍ਰਿਗ ਹੈ ਮਾਤਾ ਪਿਤਾ ਦਾ ਸਨੇਹ, ਧ੍ਰਿਕਾਰ ਹੈ ਭਰਾ (ਤੇ) ਸਬੰਧੀਆਂ ਦੇ ਸਨੇਹ ਨੂੰ, ਧ੍ਰਿਕਾਰ ਹੈ ਇਸਤ੍ਰੀ ਤੇ ਪੁਤ ਦੇ ਸੁਖਾਂ ਦੇ ਸਨੇਹ ਨੂੰ, ਧ੍ਰਿਕਾਰ ਹੈ ਘਰ ਦੇ ਪਦਾਰਥਾਂ ਦੇ ਸਨੇਹ ਨੂੰ। ਸਾਧ ਸੰਗਤ ਦਾ ਸਨੇਹ ਸੱਚਾ ਹੈ ਕਹਿੰਦੇ ਹਨ (ਗੁਰੂ) ਨਾਨਕ (ਕਿ ਇਹ) ਸੁਖ ਵਿਚ ਵਾਸਾ ਦੇਣੇ ਵਾਲਾ ਹੈ।

**ਭਾਵ**—ਪ੍ਰੇਮ ਸਭ ਤੋਂ ਉੱਤਮ ਪਦਾਰਥ ਹੈ, ਜੋ ਜੀਵ ਸੰਸਾਰ ਵਿਚ ਪ੍ਰਾਪਤ ਕਰ ਸਕਦਾ ਹੈ, ਪਰੰਤੂ ਇਸਦੇ ਯੋਗ ਕੇਵਲ ਅਕਾਲ ਪੁਰਖ ਹੈ, ਅਰਥਾਤ ਪ੍ਰੇਮ ਕੇਵਲ ਅਕਾਲ ਪੁਰਖ ਨਾਲ ਹੋਣਾ ਚਾਹੀਦਾ ਹੈ। ਜੋ ਲੋਕ ਅਕਾਲ ਪੁਰਖ ਨਾਲ ਪ੍ਰੇਮ ਨਹੀਂ ਕਰਦੇ,

Digitized by Panjab Digital Library | www.panjabdigilib.org

ਸਗੋਂ ਪ੍ਰੇਮ ਮਾਤਾ ਪਿਤਾ ਆਦਿ ਨਾਲ ਕਰਦੇ ਹਨ, ਉਹ ਅਯੋਗ ਕਰਦੇ ਹਨ। ਗੁਰੂ ਮਹਾਰਾਜ ਜੀ ਉਨ੍ਹਾਂ ਪ੍ਰਤੀ ਉਪਦੇਸ਼ ਦਿੰਦੇ ਹਨ ਕਿ ਧ੍ਰਿਗ ਹੈ ਓਹ ਸਨੇਹ ਜੋ ਮਾਤਾ ਪਿਤਾ ਭਰਾ ਸਾਕ ਵਹੁਟੀ ਅਰ ਪੁਤ੍ਰ ਆਦਿ ਨਾਲ ਕੀਤਾ ਜਾਵੇ, ਧ੍ਰਿਗ ਹੈ ਓਹ ਸਨੇਹ ਜੋ ਘਰ ਦੇ ਅਰਥ ਕੀਤਾ ਜਾਵੇ। ਇਨ੍ਹੀਂ ਥਾਈਂ ਸਨੇਹ ਨਿੰਦਤ ਹੈ ਅਰ ਨਿੰਦਤ ਉਹੋ ਵਸਤੂ ਹੁੰਦੀ ਹੈ ਜੋ ਝੂਠੀ ਹੋਵੇ, ਦ੍ਰਿੜ੍ਹ ਨਾ ਰਹਿਣੇ ਵਾਲੀ ਹੋਵੇ। ਝੂਠੇ ਪ੍ਰੇਮ ਦਾ ਹਾਲ ਕਹਿ ਕੇ ਗੁਰੂ ਸਾਹਿਬ ਸੱਚੇ ਪ੍ਰੇਮ ਦਾ ਪਤਾ ਦੇਂਦੇ ਹਨ ਕਿ ਉਹੋ ਪ੍ਰੇਮ ਜੋ ਮਾਤਾ ਪਿਤਾ ਵਿਚ ਧ੍ਰਿਕਾਰ ਯੋਗ ਹੈ, ਕਿਉਂਕਿ ਮੌਤ ਆਦਿ ਦੇ ਵਿਛੋੜੇ ਨਾਲ ਟੁੱਟ ਜਾਂਦਾ ਹੈ, ਪਰ ਉਹੋ ਪ੍ਰੇਮ ਜਦ ਸਾਧ ਸੰਗਤ ਨਾਲ ਹੋਵੇ ਤਦ ਸੱਚਾ ਹੈ,ਕਿਉਂਕਿ ਇਹ ਪ੍ਰੇਮ ਸੁਖ ਵਿਚ ਵਾਸਾ ਦੇਣੇ ਵਾਲਾ ਹੈ, ਮਹਾਰਾਜ ਦਾ ਫੁਰਮਾਨ ਹੈ:—"ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥ ਓਇ ਜੀਵੰਦੇ ਵਿਛੜਹਿ ਓਇ ਮੁਇਆ ਨ ਜਾਹੀ ਛੋੜਿ ॥"

ਸੰਬੰਧੀ ਆਦਿ ਜੋ ਕੱਚੇ ਹਨ ਉਹਨਾਂ ਨੂੰ ਤੋੜ ਅਰ ਪੱਕੇ ਸਜਣ ਜੋ ਸੰਤ ਹਨ ਉਹਨਾਂ ਨੂੰ ਢੂੰਡ, ਕਿਉਂਕਿ ਕੱਚੇ ਤਾਂ ਜੀਂਵਦਿਆਂ ਹੀ ਵਿਛੁੜ ਜਾਂਦੇ ਹਨ, ਪਰ ਸੰਤ ਜਨ ਮੌਤ ਦੇ ਵਿਛੋੜਿਆਂ ਬੀ ਨਹੀਂ ਵਿਛੁੜਦੇ। ਇਹੋ ਕਾਰਨ ਹੈ ਕਿ ਮਹਾਰਾਜ ਜੀ ਨੇ ਇਸ ਸ਼ਲੋਕ ਵਿਚ ਸੰਸਾਰਕ ਪ੍ਰੇਮ ਨੂੰ ਧ੍ਰਿਗ ਕਿਹਾ ਹੈ ਅਰ ਪਰਮਾਰਥਕ ਪ੍ਰੇਮ ਨੂੰ ਸੁਖਾਂ ਦਾ ਦਾਤਾ ਦੱਸਿਆ ਹੈ।

ਹੁਣ ਗੁਰੂ ਜੀ ਮੋਹ ਵਿਚ ਫਸੇ ਪੁਰਖ ਦਾ ਨਕਸ਼ਾ ਖਿੱਚ ਕੇ ਉਸਦੇ ਬਚਾਉ ਦਾ ਇਲਾਜ ਦੱਸਦੇ ਹਨ :—

**ਮਿਥ੍ੰਤ ਦੇਹੰ ਖੀਣੰਤ ਬਲਨੰ ॥ ਬਰਧੰਤਿ ਜਰੂਆ ਹਿਤ੍ੰਤ ਮਾਇਆ ॥ ਅਤ੍ੰਤ ਆਸਾ ਆਥਿਤ੍ ਭਵਨੰ ॥ ਗਨੰਤ ਸ੍ਵਾਸਾ ਭੈਯਾਨ ਧਰਮੰ ॥ ਪਤੰਤਿ**

Digitized by Panjab Digital Library | www.panjabdigilib.org

**ਮੋਹ ਕੂਪ ਦੁਰਲਭ੍ ਦੇਹੰ ਤਤ ਆਸ੍ਰਯੰ ਨਾਨਕ ॥**
**ਗੋਬਿੰਦ ਗੋਬਿੰਦ ਗੋਬਿੰਦ ਗੋਪਾਲ ਕ੍ਰਿਪਾ ॥ ੩ ॥**

{ਮਿਥੰ = ਝੂਠ। ਦੇਹੰ = ਸਰੀਰ। ਖੀਣ = ਨਾਸ਼।}
{ਆਥਿਤ੍ = ਪ੍ਰਾਹੁਣਾ। ਪਤੰਤਿ = ਡਿੱਗਾ ਹੋਇਆ।}
{ਧਰਮੰ = ਧਰਮਰਾਜ। ਕੂਪ = ਖੂਹ। ਤਤ = ਤਿਸਦੇ।}

**ਅਰਥ**—ਦੇਹ ਤਾਂ ਝੂਠੀ ਹੈ, (ਕਿਉਂਕਿ ਇਸਦਾ) ਬਲ ਘਟਦਾ ਰਹਿੰਦਾ ਹੈ, (ਅਰ) ਬੁਢੇਪਾ ਵਧਦਾ ਜਾਂਦਾ ਹੈ ਤੇ ਮਾਇਆ ਦਾ ਹਿਤ ਅੰਤ (ਨੂੰ ਪ੍ਰਾਪਤ ਹੁੰਦਾ ਹੈ)। ਬਹੁਤੀ ਜੋ ਆਸਾ ਹੈ, (ਇੱਕੁਰ ਹੈ ਜਿੱਕੁਰ) ਘਰ ਵਿਚ ਪ੍ਰਾਹੁਣਾ। ਸ੍ਵਾਸ (ਜੋ ਹਨ ਸੋ) ਗਿਣ ਰਿਹਾ ਹੈ ਭਯਾਨਕ ਧਰਮਰਾਜ। ਮੋਹ ਦੇ ਖੂਹ ਵਿਚ ਦੁਰਲੱਭ ਜੋ ਦੇਹ ਹੈ ਡਿੱਗ ਪੈਂਦੀ ਹੈ। (ਗੁਰੂ) ਨਾਨਕ (ਜੀ ਕਹਿੰਦੇ ਹਨ) ਹੇ ਗੋਬਿੰਦ ਹੇ ਗੋਬਿੰਦ ਹੇ ਗੋਬਿੰਦ ਤੇਰੀ ਗੋਪਾਲ ਦੀ ਕ੍ਰਿਪਾ ਹੀ ਆਸਰਾ ਹੈ।

**ਭਾਵ**—ਉਸਦੀ ਪ੍ਰਾਪਤੀ ਗੋਪਾਲ ਪਰਮੇਸ਼ਰ ਦੀ ਕ੍ਰਿਪਾ ਕਰਕੇ ਹੈ, ਭਾਵ ਦੇਹ ਜ ਹੁਣ ਮੋਹ ਮਾਇਆ ਦੀ ਖਡ ਦਾ ਅਖਾੜਾ ਬਣ ਰਹੀ ਹੈ, ਨਾਮ ਜਪਣੇ ਵਾਸਤੇ ਪ੍ਰਾਪਤ ਹੋਈ ਸੀ, ਕਿਉਂਕਿ ਗੋਬਿੰਦ ਦੇ ਆਸਰੇ ਖੜੀ ਹੈ। ਗੋਬਿੰਦ ਸੱਤਾ ਖਿੱਚ ਲਵੇ ਤਾਂ ਦੇਹ ਮਿੱਟੀ ਦੀ ਮਿੱਟੀ ਹੈ। ਤਾਂਤੇ ਜੋ ਆਸਰਾ ਰੂਪ ਹੈ, ਉਸੇ ਦਾ ਜਾਪ, ਉਸੇ ਦੇ ਗੁਣਾਂ ਦੀ ਵਿਚਾਰ ਕਰਦੇ ਹੋਏ ਉਸਦਾ ਪ੍ਰਾਪਤ ਕਰਨਾਂ ਕਲਯਾਨ ਦਾ ਹੇਤੂ ਹੈ, ਪਰ ਇਹ ਦਸ਼ਾ ਉਸੇ ਦੀ ਕ੍ਰਿਪਾ ਤੋਂ ਪ੍ਰਾਪਤ ਹੁੰਦੀ ਹੈ, ਤਾਂਤੇ ਉਸੇ ਦੀ ਸ਼ਰਨ ਲਵੋ।

ਅੱਗੇ ਮਹਾਰਾਜ ਹੋਰ ਵਿਸਥਾਰ ਨਾਲ ਮਾਯਕ ਪਦਾਰਥਾਂ ਦੇ ਕੱਚਪੁਣੇ ਨੂੰ ਖੋਲ੍ਹਦੇ ਹਨ:-

Digitized by Panjab Digital Library | www.panjabdigilib.org

**ਕਾਚ ਕੋਟੰ ਰਚੰਤਿ ਤੋਯੰ ਲੇਪਨੰ ਰਕਤ ਚਰਮਣਹ ॥ ਨਵੰਤ ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ ॥ ਗੋਬਿੰਦ ਨਾਮੰ ਨਹ ਸਿਮਰੰਤਿ ਅਗਿਆਨੀ ਜਾਨੰਤਿ ਅਸਥਿਰੰ ॥ ਦੁਰਲਭ ਦੇਹ ਉਧਰੰਤ ਸਾਧ ਸਰਣ ਨਾਨਕ ॥ ਹਰਿ ਹਰਿ ਹਰਿ ਹਰਿ ਹਰਿ ਹਰੇ ਜਪੰਤਿ ॥ ੪ ॥**

{ ਕਾਚ ਕੋਟੰ = ਕੱਚ ਦਾ ਕੋਟ (ਭਾਵ ਨਾਸ਼ਵਾਨ ਸਰੀਰ)।
ਤੋਯੰ = ਜਲ । ਰਕਤ ਚਰਮਣਹ = ਲਹੂ ਮਾਸ ।
ਭੀਤ = ਬੂਹੇ । ਅਸਥੰਭਨਹ = ਥੰਮ੍ਹ । }

**ਅਰਥ**—(ਸਰੀਰ) ਕੱਚਾ ਕੋਟ ਹੈ ਜੋ ਜਲ ਤੋਂ ਬਣਾਇਆ ਗਿਆ ਹੈ ਚਮੜੇ ਅਰ ਲਹੂ ਦਾ ਉਸ ਪੁਰ ਪੋਚਾ ਦਿੱਤਾ ਹੈ, ਇਸ ਕੋਟ ਦੇ ਨੌ ਦਰਵਾਜ਼ੇ ਹਨ, ਪਰ ਨੌਵੇਂ ਹੀ ਬੂਹਿਆਂ ਹੀ ਤੋਂ ਰਹਿਤ ਹਨ ਅਰ ਵਾਯੂਰੂਪੀ ਉਸ ਕੋਟ ਦੇ ਥੰਮ੍ਹ ਹਨ।(ਐਸੇ ਕੋਟ ਨੂੰ) ਅਗਿਆਨੀ ਅਟੱਲ ਸਮਝਕੇ ਗੋਬਿੰਦ ਦਾ ਨਾਮ ਨਹੀਂ ਸਿਮਰਦੇ; ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਇਹ ਦੁਰਲੱਭ ਦੇਹ ਸੰਤਾਂ ਦੀ ਸ਼ਰਨ ਪਿਆ ਉਧਰਦੀ ਹੈ, ਅਰ ਹਰਿ ਹਰਿ ਕਰਕੇ ਪ੍ਰਮਾਤਮਾਂ ਦਾ ਜਾਪ ਕੀਤਿਆਂ ।

**ਭਾਵ**—ਇਸ ਸ਼ਲੋਕ ਵਿਚ ਦੇਹ ਦਾ ਵਰਣਨ ਹੈ । ਸਰੀਰ ਕੱਚਾ ਕੋਟ ਹੈ, ਪਰ ਇਸ ਦੇਹੀ ਨੂੰ ਬਿਨਸਦੇ ਪਲ ਨਹੀਂ ਲਗਦੀ। ਜਲ ਕਰਕੇ ਰਚਨਾ ਹੈ ਇਸ ਦੀ, ਭਾਵ ਇਸ ਦੇਹ ਦਾ ਮੁੱਢ ਜਲ ਦੀ ਬੂੰਦ ਤੋਂ ਹੀ ਹੁੰਦਾ ਹੈ। ਨੌਂ ਦਰਵਾਜ਼ੇ ਮੂੰਹ ਨੱਕ, ਕੰਨ, ਅੱਖਾਂ ਆਦਿ ਖੁਲ੍ਹੇ ਰਹਿੰਦੇ ਹਨ,

Digitized by Panjab Digital Library | www.panjabdigilib.org

ਅਰ ਵਾਯੂ ਥੰਮਾ ਹੈ, ਜਦ ਸ੍ਵਾਸ ਮੁੱਕੇ ਤਦ ਹੀ ਮੁਰਦਾ ਹੋ ਗਿਆ। ਐਸੀ ਛਿਨ ਭੰਗਰ ਦੇਹੀ ਨੂੰ ਅਗਜ਼ਾਨੀ ਸਥਿਰ ਜਾਣ ਕੇ ਸੰਸਾਰਕ ਸੁਖਾਂ ਵਿਚ ਪੈ ਕੇ ਸਤਿ ਸੰਗਤ ਤੋਂ ਬੇਮੁਖ ਅਰ ਪਰਮੇਸ਼ੁਰ ਦੇ ਨਾਮ ਜਪਣ ਤੋਂ ਬੇਪਰਵਾਹ ਰਹਿੰਦੇ ਹਨ। ਗੁਰੂ ਸਾਹਿਬ ਜੀ ਸਾਡੀਆਂ ਤੁੱਛ ਬੁੱਧੀਆਂ ਪੁਰ ਹੈਰਾਨੀ ਪ੍ਰਗਟ ਕਰਦ ਹਨ ਕਿ ਐਸੀ ਨਾਸ਼ੀ ਦੇਹ ਨੂੰ ਕਿੱਕੁਰ ਸਦਾ ਰਹਿਣੇ ਵਾਲੀ ਸਮਝਕੇ ਗਾਫਲ ਹੋ ਰਹੇ ਹੋ? ਪਰਮੇਸ਼ੁਰਦਾ ਨਾਮ ਨਹੀਂ ਜਪਦੇ ਅਰ ਸਤਸੰਗ ਨਹੀਂ ਕਰਦੇ। ਸਤਿਸੰਗ ਦਾ ਪਹਿਲੇ ਵਰਣਨ ਇਸ ਕਰਕੇ ਕਰਦੇ ਹਨ ਕਿ ਸਤਿ ਸੰਗਤ ਵਿਚੋਂ ਹੀ ਨਾਮ ਦੀ ਪ੍ਰਾਪਤੀ ਹੁੰਦੀ ਹੈ।

**ਸੁਭੰਤ ਤੁਯੰ ਅਚੁਤ ਗੁਣਗ੍ਯੰ ਪੂਰਨੰ ਬਹੁਲੋ ਕ੍ਰਿਪਾਲਾ ॥ ਗੰਭੀਰੰ ਊਚੈ ਸਰਬਗਿ ਅਪਾਰਾ ॥ ਭ੍ਰਿਤਿਆ ਪ੍ਰਿਅੰ ਬਿਸ੍ਰਾਮ ਚਰਣੰ॥ ਅਨਾਥ ਨਾਥੇ ਨਾਨਕ ਸਰਣੰ ॥੫॥**

{ਸੁਭੰਤ = ਸੁਭਾਯਮਾਨ। ਅਚੁਤ = ਨਾ ਡਿਗਣੇ ਵਾਲਾ।
ਗੁਣਗ੍ਯੰ = ਗੁਣਾ ਦਾ ਗਜ਼ਾਤਾ। ਬਹੁਲੋ = ਅਮਿੱਤ।
ਸਰਬਗ = ਸਭ ਦੀ ਜਾਨਣ ਵਾਲਾ। ਭ੍ਰਿਤਿ = ਭਗਤ।}

**ਅਰਥ**—ਹੇ ਤੂੰ ਸੁਭਾਇਮਾਨ, ਹੇ ਅਟੱਲ, ਨਾ ਡਿੱਗਣ ਵਾਲੇ, ਹੇ ਗੁਣਾਂ ਦੇ ਗਿਆਤਾ, ਹੇ ਵਿਆਪਕ, ਹੇ ਅਮਿੱਤ, ਹੇ ਕ੍ਰਿਪਾਲ, ਹੇ ਧੀਰਜਵਾਨ, ਹੇ ਸ੍ਰੇਸ਼ਟ, ਹੇ ਸਭ ਦੀ ਜਾਨਣ ਵਾਲੇ ਹੇ ਪਾਰ ਤੋਂ ਰਹਿਤ, ਹੇ ਭਗਤਾਂ ਦੇ ਪਜਾਰੇ, ਹੇ ਭਗਤਾਂ ਨੂੰ ਚਰਨਾਂ ਵਿਖੇ ਸੁਖ ਦੇਣੇ ਵਾਲੇ, ਹੇ ਅਨਾਥਾਂ ਦੇ ਨਾਥ! ਨਾਨਕ (ਤੇਰੀ) ਸ਼ਰਣ ਹੈ।

**ਭਾਵ**—ਪਿਛਲੇ ਸ਼ਲੋਕਾਂ ਵਿਚ ਜੀਵ ਦੀਆਂ ਭੁੱਲਾਂ

Digitized by Panjab Digital Library | www.panjabdigilib.org

ਅਰ ਡਰਾਉਣੀ ਦਸ਼ਾ ਦਾ ਵਰਣਨ ਕਰਦੇ ਰਹੇ ਹਨ, ਹੁਣ ਸੱਚੇ ਪਾਤਸ਼ਾਹ ਦੱਸਦੇ ਹਨ ਕਿ ਸਾਰੇ ਪਾਪਾਂ ਦੀਆਂ ਭੁੱਲਾਂ ਦੇ ਸਮੂਹਾਂ ਦੇ ਨਸ਼ਟ ਕਰਨੇ ਦਾ ਸਾਧਨ ਇੱਕੋ ਪ੍ਰਾਰਥਨਾਂ ਹੈ, ਸੋ ਪੰਜਵੇਂ ਸਲੋਕ ਵਿਚ ਪ੍ਰਾਰਥਨਾ ਕਰਨੇ ਦਾ ਵੱਲ ਸਿਖਾਲਦੇ ਹਨ। ਪਹਿਲੀਆਂ ਤੁਕਾਂ ਵਿਚ ਈਸ਼੍ਵਰ ਦਾ ਗੁਣਾਨੁਵਾਦ ਕਰਦੇ ਹਨ, ਛੇਕੜਲੀ ਵਿਚ ਬੇਨਤੀ ਕਰਦੇ ਹਨ ਕਿ ਹੇ ਐਸੇ ਗੁਣਾਂ ਵਾਲੇ ਕਰਤਾਰ! ਮੈਂ ਤੇਰੀ ਸ਼ਰਨ ਹਾਂ, ਮੈਨੂੰ ਰੱਖ ਲੈ। ਗੁਣਾਨੁਵਾਦ ਇਸ਼ੇ ਵਾਸਤੇ ਕੀਤਾ ਹੈ ਕਿ ਗੁਣ ਗਾਇਨ ਕਰਨੇ ਤੇ ਜੀਵ ਵਿਚ ਉਹ ਗੁਣ ਪ੍ਰਵੇਸ਼ ਕਰਦੇ ਹਨ ਅਰ ਛੇਕੜ ਬੇਨਤੀ ਹੈ ਕਿ ਅਸੀਂ ਨਿਰਗੁਣੀਆਰੇ ਹਾਂ, ਤੂੰ ਗੁਣਾਂ ਦਾ ਪੁੰਜ ਹੈਂ, ਤੈਨੂੰ ਦਾਤਾ ਤੇ ਅਪਣੇ ਆਪ ਨੂੰ ਕੰਗਾਲ ਜਾਣ ਕੇ ਤੇਰੇ ਚਰਨਾਂ ਵਿਚ ਆ ਪਏ ਹਾਂ।

ਇਸ ਸਲੋਕ ਦੇ ਪਾਠਕਾਂ ਨੂੰ ਚਾਹੀਦਾ ਹੈ ਕਿ ਅਰਦਾਸੇ ਨੂੰ ਮੁਖ ਧਰਮ ਸਮਝਣ।

**ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖ੍ਹ ਆਵਧਹ॥ ਅਹੋ ਜਸ੍ਹ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਹਤੇ ॥ ੬ ॥**

ਮ੍ਰਿਗੀ = ਹਰਨੀ। ਬਧਿਕ = ਸ਼ਿਕਾਰੀ।
ਆਵਧਹ = ਮਾਰਨੇ ਲੱਗਾ।
ਰੋਮ ਨ ਛੇਦਤੇ = ਵਾਲ ਵਿੰਗਾ ਨਹੀਂ ਹੁੰਦਾ।

**ਅਰਥ**—ਇਕ ਮ੍ਰਿਗੀ ਨੂੰ ਫੰਧਕ ਨੇ ਤਾੜਿਆ, ਨਿਸ਼ਾਨਾ (ਲਖ੍ਹ) ਸੇਧ ਕੇ ਸ਼ਸਤ੍ਰ ਮਾਰਨੇ ਲਗਾ (ਪਰ) ਹੇ ਭਾਈ! ਜਿਸਨੂੰ ਰੱਖੇ ਪਰਮੇਸ਼ਰ (ਗੁਰੂ) ਨਾਨਕ (ਜੀ ਕਹਿੰਦੇ ਹਨ) ਉਸਦਾ ਵਾਲ ਭੀ ਵਿੰਗਾ ਨਹੀਂ ਹੁੰਦਾ।

Digitized by Panjab Digital Library | www.panjabdigilib.org

**ਭਾਵ**—ਕਹਿੰਦੇ ਹਨ ਕਿ ਇਹ ਸਲੋਕ ਇਕ ਅਚਰਜ ਸਮਾਚਾਰ ਦੇਖਕੇ ਗੁਰੂ ਜੀ ਨੇ ਕਿਹਾ ਸੀ:—ਇਕ ਜੰਗਲ ਵਿਚ ਇਕ ਹਰਨੀ ਸੀ, ਉਸਦੇ ਪਕੜਨੇ ਲਈ ਇਕ ਸ਼ਿਕਾਰੀ ਨੇ ਇਕ ਪਾਸੇ ਜਾਲ ਤਾਣਿਆਂ, ਇਕ ਪਾਸੇ ਸ਼ਿਕਾਰੀ ਕੁੱਤੇ ਛੱਡੇ, ਇਕ ਪਾਸੇ ਆਪ ਬਾਣ ਲੈ ਕੇ ਖੜੋ ਗਿਆ ਤੇ ਇਕ ਪਾਸੇ ਬਨ ਨੂੰ ਅੱਗ ਲਾ ਦਿਤੀ, ਹੁਣ ਮ੍ਰਿਗੀ ਨੂੰ ਕੋਈ ਰਸਤਾ ਬਚਣੇ ਦਾ ਨਾ ਰਿਹਾ। ਅਚਾਨਕ ਉਸ ਵੇਲੇ ਜਦ ਕਿ ਸ਼ਿਕਾਰੀ ਨੇ ਚਿਲਾ ਨੱਪਿਆ, ਉਸਦੀ ਅੱਡੀ ਪੁਰ ਸੱਪ ਲੜਿਆ, ਆਪ ਤਾਂ ਡਿੱਗ ਪਿਆ ਤੇ ਨਿਸ਼ਾਨਾ ਹਿੱਲ ਜਾਣੇ ਤੇ ਬਾਣ ਕੁੱਤੇ ਨੂੰ ਜਾ ਵੱਜਾ, ਅੱਗ ਵਧਦੀ ਵਧਦੀ ਜਾਲੀ ਨੂੰ ਸਾੜ ਗਈ ਤੇ ਹਰਨੀ ਅੱਗ ਤੋਂ ਦੂਰ ਨਿਕਲ ਜਾ ਕੇ ਬਚ ਗਈ। ਇਸ ਪੁਰ ਗੁਰੂ ਜੀ ਕਹਿੰਦੇ ਹਨ ਕਿ ਜਿਸ ਨੂੰ ਰੱਬ ਰੱਖੇ ਉਸਦਾ ਵਾਲ ਨਹੀਂ। ਸੋ ਪਿਆਰਿਓ ! ਉਸ ਸੱਚੇ ਅਕਾਲ ਪੁਰਖ ਉਤੇ ਭਰੋਸਾ ਰੱਖੋ, ਹੋਰ ਕੋਈ ਰੱਖਣੇ ਮਾਰਨੇ ਨੂੰ ਸਮਰੱਥ ਨਹੀਂ। ਸੱਚਾ ਸਾਈਂ ਜਿਸ ਨੂੰ ਰੱਖੇ ਭਾਵੇਂ ਸੰਸਾਰ ਵੈਰੀ ਹੋਵੇ ਉਸਦਾ ਵਾਲ ਵਿੰਗਾ ਨਹੀਂ ਹੁੰਦਾ।

**ਬਹੁ ਜਤਨ ਕਰਤਾ ਬਲਵੰਤਕਾਰੀ ਸੇਵੰਤ ਸੂਰਾ ਚਤੁਰ ਦਿਸਹ॥ ਬਿਖਮ ਥਾਨ ਬਸੰਤ ਊਚਹ ਨਹ ਸਿਮਰੰਤ ਮਰਣੰ ਕਦਾਂਚਹ॥ਹੋਵੰਤਿ ਆਗਿਆ ਭਗ-ਵਾਨ ਪੁਰਖਹ ਨਾਨਕ ਕੀਟੀ ਸਾਸਅਕਰਖਤੇ॥੭॥**

{ਸੂਰਾ = ਸੂਰਮੇ। ਬਿਖਮ = ਔਖੀ। ਕਦਾਂਚਹ = ਕਦੇ ਭੀ।
ਕੀਟੀ = ਕੀੜੀ। ਅਕਰਖਤੇ = ਖਿੱਚ ਲੈਂਦੀ ਹੈ।}

**ਅਰਥ**—ਬਹੁਤ ਜਤਨ ਕਰਨੇ ਵਾਲਾ ਹੋਵੇ ਅਰ ਬਲਵਾਨ, ਸੇਂਵਦੇ ਹੋਣ ਸੂਰਮੇ ਜਿਸਨੂੰ ਚੌਹਾਂ ਦਿਸ਼ਾਂ ਦੇ। ਔਖੇ ਤੇ ਉੱਚੇ

Digitized by Panjab Digital Library | www.panjabdigilib.org

ਅਸਥਾਨ ਤੇ ਵੱਸਦਾ ਹੋਵੇ, ਮਰਨ ਉਸਦੇ ਕਦੇ ਭੀ ਚਿੱਤ ਚੇਤੇ ਨਾ ਹੋਵੇ। ਜੇ ਅਕਾਲ ਪੁਰਖ ਦੀ ਆਗਿਆ ਹੋਵੇ ਤਦ (ਗੁਰੂ) ਨਾਨਕ (ਜੀ ਕਹਿੰਦੇ ਹਨ) ਕਿ ਕੀੜੀ ਹੀ ਉਸ ਦੇ ਸੁਆਸ ਖਿੱਚ ਸਕਦੀ ਹੈ।

**ਭਾਵ**—ਪਿਛਲੇ ਸਲੋਕ ਵਿਚ ਗੁਰੂ ਜੀ ਨੇ ਇਹ ਦਿਖਾਇਆ ਸੀ ਕਿ ਜਿਸ ਨੂੰ ਅਕਾਲ ਪੁਰਖ ਚਾਹੇ ਬੜੇ ਔਖੇ ਥਾਵਾਂ ਤੋਂ ਵੀ ਬਚਾ ਲੈਂਦਾ ਹੈ। ਇਸ ਸ਼ਲੋਕ ਵਿਚ ਇਹ ਦੱਸਦੇ ਹਨ ਕਿ ਜਿਸ ਨੂੰ ਉਹ ਸੱਚਾ ਵਾਹਿਗੁਰੂ ਮਾਰਨਾ ਚਾਹੇ, ਭਾਵੇਂ ਉਹ ਕਿੱਡਾ ਬਲੀ ਹੋਵੇ ਅਰ ਕਿੱਡਾ ਭਾਰਾ ਜਤਨ ਕਰਨੇ ਵਾਲਾ ਹੋਵੇ, ਕਈ ਸੂਰਮੇ ਤੇ ਲਾਉ ਲਸ਼ਕਰ ਉਸ ਪਾਸ ਹੋਣ, ਬੜੇ ਬੜੇ ਉੱਚੇ ਮਹਿਲਾਂ ਵਿਚ, ਜੋ ਕਠਨ ਪਰਬਤਾਂ ਪੁਰ ਹੋਣ ਉਹ ਵੱਸਦਾ ਹੋਵੇ ਕਿ ਜਿੱਥੇ ਕੋਈ ਉਸਦੀ ਵਾ ਵੱਲ ਵੀ ਤੱਕ ਨਾ ਸੱਕੇ ਅਰ ਐਸਾ ਮਸਤ ਸੰਸਾਰ ਵਿਚ ਹੋਵੇ ਕਿ ਮੌਤ ਯਾਦ ਤਕ ਨਾ ਹੋਵੇ, ਜੇਕਰ ਅਕਾਲ ਪੁਰਖ ਚਾਹੇ ਤਦ ਕੀੜੀ ਉਸਦੇ ਸੁਆਸ ਖਿੱਚ ਸਕਦੀ ਹੈ। ਇਸ ਪ੍ਰਕਾਰ ਦੇ ਸਮਾਚਾਰ ਅਨੇਕਾਂ ਸੰਸਾਰ ਵਿਚ ਹੋ ਚੁਕੇ ਹਨ। ਜਗਤ ਦੇ ਹਰ ਥਾਂ ਵਿਚ ਬੜੇ ਬੜੇ ਪਾਤਸ਼ਾਹ ਜਦ ਮੌਤ ਆਈ ਸਾਰੇ ਸਾਮਾਨ ਧਰੇ ਹੀ ਛੱਡ ਕੇ ਤੁਰ ਗਏ। ਇਸ ਕਰਕੇ ਇਹ ਸੋਚਣਾ ਚਾਹੀਏ ਕਿ ਜਦ ਐਤਨੇ ਐਤਨੇ ਬੜੇ ਲੋਕ ਮਰ ਜਾਂਦੇ ਹਨ, ਤਦ ਹੋਰ ਕੌਣ ਬਚ ਸਕਦਾ ਹੈ? ਤਾਂਤੇ ਮੌਤ ਦੇ ਹੱਥੋਂ ਕੋਈ ਨਹੀਂ ਬਚ ਸਕਿਆ ਨਾ ਬਚ ਸਕਦਾ ਹੈ, ਇਸ ਲਈ ਅੱਗੇ ਦਾ ਫਿਕਰ ਕਰਨਾ ਚਾਹੀਏ ਕਿ ਮੌਤ ਤੋਂ ਮਗਰੋਂ ਦੁਖ ਨਾ ਹੋਵੇ। ਇਹ ਜਾਣ ਬੁੱਝਕੇ ਕਿ ਸੰਸਾਰ ਸਦਾ ਦੀ ਥਾਂ ਨਹੀਂ ਹੈ, ਇਕ ਦਿਨ ਜ਼ਰੂਰ ਚਲੇ ਜਾਣਾ ਹੈ, ਫੇਰ ਇਸ ਵਿਚ ਡੁੱਬਕੇ ਸਿਰਜਣਹਾਰ ਨੂੰ ਭੁਲਾ ਦੇਣਾ ਕਿੱਡੇ ਅਸਚਰਜ ਅਰ ਘਾਟੇ ਦੀ ਗਲ ਹੈ?

Digitized by Panjab Digital Library | www.panjabdigilib.org

**ਸਬਦੰ ਰਤੰ ਹਿਤੰ ਮਇਆ ਕੀਰਤੰ ਕਲੀ ਕਰਮ ਕ੍ਰਿਤੁਆ ॥ ਮਿਟੰਤਿ ਤਤ੍ਰਾਗਤ ਭਰਮ ਮੋਹੰ ॥ ਭਗਵਾਨ ਰਮਣੰ ਸਰਬਤ੍ਰ ਥਾਨਿੰ ॥ ਦ੍ਰਿਸਟਿਤੁਯੰ ਅਮੋਘ ਦਰਸਨੰ ਬਸੰਤ ਸਾਧ ਰਸਨਾ ॥ ਹਰਿ ਹਰਿ ਹਰਿ ਹਰੇ ਨਾਨਕ ਪ੍ਰਿਅੰ ਜਾਪੁ ਜਪਨਾ ॥੮॥**

{ਰਤੰ = ਪ੍ਰੀਤੀ । ਹਿਤੰ = ਪ੍ਰੇਮ । ਕੀਰਤੰ = ਕੀਰਤੀ: ਭਜਨ ।
ਤਤ੍ਰਾਗਤ — ਤਿਨ੍ਹਾਂ ਦੇ ਆਉਣੇ ਕਰ ।
ਰਮਣੰ = ਰਮਿਆ ਹੋਇਆ ।
ਦ੍ਰਿਸਟਿਤੁਯੰ = ਨਜ਼ਰ ਆਉਂਦਾ ਹੈ ।
ਅਮੋਘ = ਸਫਲ । ਪ੍ਰਿਅੰ = ਪਿਆਰੇ ਦਾ ।}

**ਅਰਥ**—ਸਬਦ (ਵਿਚ) ਪ੍ਰੀਤੀ ਤੇ ਹਿਤ (ਕਰਨਾ) (ਲੋਕਾਂ ਪੁਰ) ਕਿਰਪਾ ਤੇ (ਪ੍ਰਭੂ ਦੀ) ਕੀਰਤੀ, ਇਹ ਕਲਯੁਗ ਦੇ ਕਰਨ ਜੋਗ ਕਰਮ ਹਨ । ਇਨ੍ਹਾਂ ਦੇ ਆਉਣੇ ਤੇ (ਭਾਵ ਪ੍ਰਾਪਤ ਹੋਣੇ ਤੇ) ਮਿਟ ਜਾਂਦਾ ਹੈ ਭਰਮ ਤੇ ਮੋਹ । ਪਰਮੇਸ਼ਰ ਰਮਿਆ ਹੋਇਆ ਸਾਰੇ ਥਾਵਾਂ ਵਿਚ (ਦਿੱਸ ਪੈਂਦਾ ਹੈ, ਤੇ) ਦ੍ਰਿਸ਼ਟਮਾਨ ਹੋ ਜਾਂਦਾ ਹੈ, ਉਸ ਸਫਲ ਦਰਸ਼ਨ ਪਰਮੇਸ਼ਰ ਦਾ (ਜੋ ਪਰਮੇਸ਼ਰ) ਵਸਦਾ ਹੈ ਸਾਧੂ ਦੀ ਰਸਨਾ ਪਰ । (ਕਿਉਂਕਿ ਓਹ) ਪਿਆਰਾ ਜਾਪ ਹਰਿ ਹਰਿ ਹਰਿ ਹਰੇ ਦਾ ਜਪਦੇ ਹਨ ਨਾਨਕ (ਗੁਰੂ ਜੀ ਕਹਿਦੇ ਹਨ) ।

**ਭਾਵ**—ਇਸ ਸਲੋਕ ਵਿਚ ਗੁਰੂ ਜੀ ਕਲਯੁਗ ਵਿਚ ਜੋ ਕਰਮ ਕਰਨੇ ਚਾਹੀਏ ਦੱਸਦੇ ਹਨ । ਸਬਦ (ਨਾਮ) ਵਿਚ ਪ੍ਰੀਤੀ

Digitized by Panjab Digital Library | www.panjabdigilib.org

ਅਰ ਗਰੀਬ ਲੋੜਵੰਦ ਆਪ ਤੋਂ ਛੋਟੇ ਪੁਰ ਦਇਆ ਰਖਣੀ, ਪ੍ਰਭੂ ਦਾ ਜਸ ਗਾਇਨ ਕਰਨਾ, ਇਹਨਾਂ ਕਰਮਾਂ ਦੇ ਕਰਨ ਤੇ ਇਹ ਫਲ ਪ੍ਰਾਪਤ ਹੁੰਦੇ ਹਨ। ਪਹਿਲੇ ਨਾਮ ਜਪਣੇ ਤੇ ਭਰਮ ਤੇ ਮੋਹ ਦੂਰ ਹੋ ਜਾਂਦੇ ਹਨ ਜੋ ਪਰਮੇਸ਼ਰ ਪ੍ਰਾਪਤੀ ਦੇ ਭਾਰੀ ਪ੍ਰਤਿਬੰਧਕ ਹਨ; ਦੂਸਰੇ ਦਇਆ ਕਰਨੇ ਕਰਕੇ ਮਨ ਐਸਾ ਕੋਮਲ ਤੇ ਪਰਮੇਸ਼ਰ ਦੀ ਵਿਆਪਕਤਾ ਦਾ ਜਾਣੂ ਹੋ ਜਾਂਦਾ ਹੈ ਕਿ ਉਸ ਨੂੰ ਅਕਾਲ ਪੁਰਖ ਸਾਰੇ ਰਮਿਆ ਹੋਯਾ ਜਾਪਦਾ ਹੈ, ਪਰਮੇਸੁਰ ਨੂੰ ਇਕ ਥਾਂ ਦਾ ਰਹਿਣੇ ਵਾਲਾ ਨਹੀਂ ਸਮਝਦਾ, ਉਸਨੂੰ ਹਾਜ਼ਰ ਨਾਜ਼ਰ ਜਾਣਨੇ ਲਗ ਜਾਂਦਾ ਹੈ। ਪ੍ਰਭੂ ਦੀ ਕੀਰਤੀ ਕਰਦਿਆਂ ਪ੍ਰਭੂ ਦਾ ਦਰਸ਼ਨ ਹੋ ਜਾਂਦਾ ਹੈ, ਕਿਉਂਕਿ ਜਿਸਦੀ ਉਪਮਾਂ ਕਰਦੇ ਰਹੀਏ ਅੰਤ ਨੂੰ ਓਹ ਕਦੇ ਨਾ ਕਦੇ ਜ਼ਰੂਰ ਦਿਆਲੂ ਹੋ ਜਾਂਦਾ ਹੈ। ਤੀਸਰੇ ਕੀਰਤ ਕਰਨੇ ਨਾਲ ਪਰਮਾਤਮਾ ਦੇ ਗੁਣ ਹਿਰਦੇ ਵਿਚ ਵਾਸ ਕਰਦੇ ਹਨ ਅਰ ਇਕ ਦਿਨ ਸਾਖਯਾਤਕਾਰ ਕਰਵਾ ਦਿੰਦੇ ਹਨ, ਤਦ ਐਸਾ ਪੁਰਖ ਸਾਧੂ ਕਹਾਉਂਦਾ ਹੈ ਅਰ ਉਸਦੀ ਰਸਨਾਂ ਪੁਰ ਪਰਮੇਸ਼ਰ ਦਾ ਵਾਸਾ ਹੁੰਦਾ ਹੈ, ਕਿਉਂਕਿ ਉਹ ਕਿਸੇ ਵੇਲੇ ਉਸਦੇ ਨਾਮ ਨੂੰ ਭੁਲਾਉਂਦਾ ਨਹੀਂ। ਹੇ ਪਯਾਰੇ ਪਾਠਕੋ! ਫੋਕਟ ਕਰਮਾਂ ਦਾ ਤਯਾਗ ਕਰਕੇ ਇਨ੍ਹਾਂ ਉੱਤਮ ਕਰਮਾਂ ਨੂੰ ਧਾਰਨ ਕਰੋ।

**ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖ੍ਯ੍ਰ ਗਗਨੰ ॥ ਘਟੰਤ ਬਸੁਧਾ ਗਿਰਿ ਤਰ ਸਿਖੰਡੰ ॥ ਘਟੰਤ ਲਲਨਾ ਸੁਤ ਭ੍ਰਾਤ ਹੀਤੰ ॥ ਘਟੰਤ ਕਨਿਕ ਮਾਨਿਕ ਮਾਇਆ ਸ੍ਵਰੂਪੰ॥ ਨਹ ਘਟੰਤ ਕੇਵਲ ਗੋਪਾਲ ਅਚੁਤ ॥ ਅਸਥਿਰੰ**

Digitized by Panjab Digital Library | www.panjabdigilib.org

# ਨਾਨਕ ਸਾਧ ਜਨ ॥੯॥

{ ਦੀਪੰ = ਤੇਜ । ਰਵਿ = ਸੂਰਜ । ਸਸੀਅਰ = ਚੰਦ ।
ਨਖ੍ਹਤ੍ਰ = ਤਾਰੇ । ਗਗਨ = ਆਕਾਸ਼ । }
{ ਬਸੁਧਾ = ਪ੍ਰਿਥਵੀ । ਗਿਰ = ਪਹਾੜ । }
{ ਤਰ = ਬ੍ਰਿੱਛ । ਸਿਖੰਡੰ = ਦੇਸ਼ । ਲਲਨਾ = ਇਸਤ੍ਰੀ ।
ਹੀਤੰ = ਮਿਤ । ਕਨਿਕ = ਸੋਨਾਂ । }

**ਅਰਥ**—ਘਟਦਾ ਹੈ ਰੂਪ ਤੇ ਘਟਦਾ ਹੈ ਪ੍ਰਕਾਸ਼, ਘਟਦੇ ਹਨ ਸੂਰਜ ਚੰਦ ਤਾਰੇ ਤੇ ਅਕਾਸ਼ । ਘਟਦੀ ਹੈ ਪ੍ਰਿਥਵੀ ਪਹਾੜ ਬ੍ਰਿੱਛ ਤੇ ਦੇਸ਼। ਘਟਦੀ ਹੈ ਇਸਤ੍ਰੀ ਪੁੱਤਰ ਭਰਾਉ (ਤੇ) ਮਿੱਤਰ । ਘਟਦਾ ਹੈ ਸੋਨਾ ਹੀਰਾ (ਤੇ ਸਭ ਕੁਝ, ਜੋ) ਮਾਇਆ ਸਰੂਪ ਹੈ । ਕੇਵਲ ਪਰਮੇਸ਼ਰ ਨਾ ਡਿਗਣੇ ਵਾਲਾ ਨਹੀਂ ਘਟਦਾ, (ਅਰ) ਗੁਰੂ ਨਾਨਕ (ਜੀ ਕਹਿੰਦੇ ਹਨ) ਅਸਥਿਰ ਹਨ ਸਾਧ ਜਨ ।

**ਭਾਵ**—ਗੁਰੂ ਸਾਹਿਬ ਦਿਖਾਲਦੇ ਹਨ ਕਿ ਜੋ ਪਦਾਰਥ ਸੰਸਾਰ ਵਿਚ ਹਨ, ਜਿਹਨਾਂ ਦੀ ਉਤਪਤੀ ਮਾਇਆ ਤੋਂ ਹੈ ਸਭ ਨਾਸ਼ ਰੂਪ ਹਨ । ਇਕ ਅਕਾਲ ਪੁਰਖ ਅਬਿਨਾਸ਼ੀ ਹੈ, ਕਿਉਂਕਿ ਜੋ ਪਦਾਰਥ ਇਕ ਰਸ ਨਹੀਂ ਰਹਿੰਦੇ ਓਹ ਨਾਸ਼ਮਾਨ ਹੁੰਦੇ ਹਨ । ਪਰਮਾਤਮਾ ਇਕ ਰਸ ਹੈ ਸੋ ਕਦੇ ਨਾਸ਼ ਨਹੀਂ ਹੁੰਦਾ, ਅਰ ਸਾਧੂ ਜਨ ਜੋ ਅਕਾਲ ਪੁਰਖ ਦੇ ਪ੍ਰੇਮ ਵਿਚ ਰੱਤੇ ਹੋਏ ਮਾਯਾ ਤੋਂ ਰਹਿਤ ਹੋ ਕੇ ਉਸ ਦੇ ਸਰੂਪ ਨਾਲ ਮਿਲਦੇ ਹਨ ਕਦੇ ਨਾਸ਼ ਨਹੀਂ ਹੁੰਦੇ, ਸਦਾ ਅਟੱਲ ਹੋ ਜਾਂਦੇ ਹਨ ।

**ਨਹ ਬਿਲੰਬ ਧਰਮੰ ਬਿਲੰਬ ਪਾਪੰ ॥**
**ਦ੍ਰਿੜੰਤ ਨਾਮੰ ਤਜੰਤ ਲੋਭੰ ॥ ਸਰਣਿ ਸੰਤੰ**

Digitized by Panjab Digital Library | www.panjabdigilib.org

**ਕਿਲਬਿਖ ਨਾਸੰ ॥ ਪ੍ਰਾਪਤੰ ਧਰਮ ਲਖ੍ਹਿਣ ॥**
**ਨਾਨਕ ਜਿਹ ਸੁ ਪ੍ਰਸੰਨ ਮਾਧਵਹ ॥੧੦॥**

{ਬਿਲੰਬ = ਦੇਰੀ, ਢਿੱਲ । ਕਿਲਬਿਖ = ਪਾਪ ।
ਮਾਧਵਹ = ਅਕਾਲ ਪੁਰਖ । }

**ਅਰਥ**—ਧਰਮ ਕਰਨੇ ਵਿਚ ਦੇਰ ਨਾ ਕਰੋ, ਪਾਪ ਕਰਨੇ ਵਿਚ ਦੇਰ ਕਰੋ । ਦ੍ਰਿੜ੍ਹ ਕਰੋ ਨਾਮ ਨੂੰ, ਤਿਆਗੋ ਲੋਭ ਨੂੰ, ਸੰਤਾਂ ਦੀ ਸ਼ਰਣ ਪਾਪਾਂ ਦੇ ਨਾਸ਼ ਕਰਨੇ ਵਾਲੀ (ਧਾਰਨ ਕਰਨੇ ਤੇ) ਧਰਮ ਦੇ ਲਛਣ ਪ੍ਰਾਪਤ ਹੁੰਦੇ ਹਨ, ਪਰ ਜਿਸ ਉਤੇ ਪ੍ਰਸੰਨ ਹੋਵੇ ਅਕਾਲ ਪੁਰਖ ਹੇ ਨਾਨਕ !

**ਭਾਵ**—ਇਹ ਕਿ ਧਰਮ ਦੇ ਕੰਮ ਕਰਨੇ ਵਿਚ ਢਿੱਲ ਨਾ ਕਰੋ, ਕਿਉਂਕਿ ਮਨ ਦਾ ਪਤਾ ਨਹੀਂ ਹੈ । ਇਹ ਪਲ ਪਲ ਵਿਚ ਬਦਲ ਜਾਂਦਾ ਹੈ । ਇਸ ਲਈ ਛੇਤੀ ਕਰਨੀ ਚਾਹੀਏ ਤੇ ਪਾਪ ਕਰਮ ਕਰਨੇ ਵਿਚ ਢਿੱਲ ਕਰਨੀ ਚਾਹੀਏ ਕਿਉਂਕਿ ਗੁੱਸਾ ਆਦਿ ਵਿਸ਼ੇ ਬਹੁਤ ਛੇਤੀ ਪ੍ਰਬਲ ਹੋ ਜਾਂਦੇ ਹਨ ਅਰ ਬੁੱਧੀ ਮੈਲੀ ਹੋ ਜਾਂਦੀ ਹੈ । ਸਚ ਝੂਠ ਪਛਾਣ ਨਹੀਂ ਹੁੰਦਾ । ਪਰ ਜੇ ਪਾਪ ਕਰਮ ਵਿਚ ਢਿੱਲ ਕਰੀਏ ਤਦ ਪਿਛੋਂ ਸੋਚ ਪੈਦਾ ਹੁੰਦੀ ਹੈ, ਸੋ ਐਸਾ ਕਰਦੇ ਹੋਏ ਨਾਮ ਵਿਚ ਇਸਥਿਤ ਹੋਵੋ । ਲੋਭ ਪਾਪਾਂ ਦਾ ਨਾਸ਼ ਕਰੋ, ਅਕਾਲ ਪੁਰਖ ਦੀ ਕ੍ਰਿਪਾ ਨੂੰ ਮੁੱਖ ਰਖੋ, ਕਦੇ ਆਪ ਹਉਮੈ ਧਾਰਨ ਨਾ ਕਰੋ ਤੇ ਸਭ ਬਖਸ਼ਿਸ਼ਾਂ ਉਸ ਵਲੋਂ ਜਾਣੋ ।

**ਮਿਰਤ ਮੋਹੰ ਅਲਪ ਬੁਧੰ ਰਚੰਤਿ ਬਨਿਤਾ ਬਿਨੋਦ ਸਾਹੰ ॥ ਜੌਬਨ ਬਹਿਕ੍ਰਮ ਕਨਿਕ ਕੁੰਡਲਹ॥ ਬਚਿਤ੍ਰ ਮੰਦਿਰ ਸੋਭੰਤਿ ਬਸਤ੍ਰਾ ਇਤ੍ਰੰਤ**

Digitized by Panjab Digital Library | www.panjabdigilib.org

**ਮਾਇਆ ਬ੍ਰਾਪਤੰ ॥ ਹੇ ਅਚੁਤ ਸਰਣਿ ਸੰਤ ਨਾਨਕ ਭੋ ਭਗਵਾਨਏ ਨਮਹ ॥ ੧੧ ॥**

{ਅਲਪ ਬੁਧੰ = ਛੋਟੀ ਬੁੱਧੀ ਵਾਲਾ। ਬਹਿਕ੍ਰਮ = ਅਵਸਥਾ।}
{ਬਨਿਤਾ ਬਨੋਦ = ਇਸਤ੍ਰੀ ਦੇ ਕੌਤਕ। ਕਨਿਕ = ਸੋਨਾ।}
{ਬਚਿਤ੍ਰ = ਸੁੰਦਰ। ਏਨਮਹ = ਨਮਸਕਾਰ ਹੈ, ਪ੍ਰਣਾਮ ਹੈ।}

**ਅਰਥ**—ਮਰ ਰਿਹਾ ਹੈ ਮੋਹ ਵਿਚ ਤੁਛ ਬੁਧੀ ਵਾਲਾ (ਜੀਵ), ਰਚ ਰਿਹਾ ਹੈ ਇਸਤ੍ਰੀ ਦੇ ਕੌਤਕਾਂ ਵਿਚ, (ਇਹ ਜਾਣਕੇ ਕਿ—ਸਾ = ਉਹ ਇਸਤ੍ਰੀ, ਹੰ = ਮੈਂ ਹਾਂ) ਉਹ ਇਸਤ੍ਰੀ ਮੇਰਾ ਰੂਪ ਹੈ। ਜੁਆਨੀ ਦੀ ਅਵਸਥਾ ਸੋਨੇ ਦੇ ਕੁੰਡਲ, ਸੁੰਦਰ ਮੰਦਰ, ਸ਼ੋਭਨੀਕ ਬਸਤ੍ਰ (ਆਦਿਕਾਂ ਕਰਕੇ) ਵਿਆਪ ਰਿਹਾ ਹੈ ਇਉਂ ਅੰਤ ਹੋਣੇ ਵਾਲੀ ਮਾਇਆ ਨੂੰ, ਹੇ ਨਾ ਡਿਗਣੇ ਵਾਲੇ ਸੰਤਾਂ ਦਾ ਆਸਰਾ ! ਹੇ ਭਗਵਾਨ (ਗੁਰੂ) ਨਾਨਕ ਦੀ ਕੇਵਲ ਤੈਨੂੰ ਨਮਸਕਾਰ ਹੈ।

**ਭਾਵ**—ਮਾਇਆ ਅੰਤ ਹੋਣੇ ਵਾਲੀ ਹੈ, ਜੀਵ ਤੁੱਛ ਬੁੱਧੀ ਉਸ ਦੇ ਠੱਗ ਲੈਣੇ ਵਾਲੇ ਰੰਗ ਵਿਚ ਫਸ ਰਿਹਾ ਹੈ, ਨਹੀਂ ਸੋਚਦਾ ਕਿ ਇਹ ਨਿੱਤ ਰਹਿਣੇ ਵਾਲੀ ਨਹੀਂ, ਅੰਤ ਛੱਡਣੀ ਬਣੇਗੀ। ਇਸ ਭੁਲੇਖੇ ਵਿਚ ਇਕ ਰਸ ਰਹਿਣੇ ਵਾਲੇ ਤੇ ਸ਼ਰਨ ਦੇ ਸੂਰੇ ਅਕਾਲ ਪੁਰਖ ਦੀ ਸ਼ਰਨ ਨਹੀਂ ਪੈਂਦਾ। ਗੁਰੂ ਨਾਨਕ ਜੀ ਉਪਦੇਸ਼ ਕਰਦੇ ਹਨ ਕਿ ਭੁਲਾਵੇ ਤੋਂ ਬਚੇ ਤੇ ਸਿਰਜਨਹਾਰ ਦੀ ਸ਼ਰਨ ਲਵੇ।

**ਜਨਮੰ ਤ ਮਰਣੰ ਹਰਖੰ ਤ ਸੋਗੰ ਭੋਗੰ ਤ ਰੋਗੰ॥ ਊਚੰ ਤ ਨੀਚੰ ਨਾਨ੍ਹਾ ਸਮੂਚੰ॥ ਰਾਜੰ ਤ ਮਾਨੰ ਅਭਿਮਾਨੰ ਤ ਹੀਨੰ॥ ਪ੍ਰਵਿਰਤਿ ਮਾਰਗੰ ਵਰਤੰਤਿ**

Digitized by Panjab Digital Library | www.panjabdigilib.org

**ਬਿਨਾਸਨੰ ॥ ਗੋਬਿੰਦ ਭਜਨ ਸਾਧ ਸੰਗੇਣ ਅਸਥਿਰੰ ਨਾਨਕ ਭਗਵੰਤ ਭਜਨਾਸਨੰ ॥੧੨॥**

{ਪ੍ਰਿਵਿਰਤਿ ਮਾਰਗ = ਸੰਸਾਰ ਉਤਪਤੀ, ਪਰਵਿਰਤੀ ਦਾ ਵਰਤਾਵ।}

**ਅਰਥ**—ਜਨਮ ਹੈ ਤਾਂ ਮਰਨਾ (ਬੀ ਨਾਲ) ਹੈ, ਖੁਸ਼ੀ ਹੈ ਤਾਂ (ਨਾਲ) ਸ਼ੋਕ ਬੀ ਹੈ। ਭੋਗ ਹੈ ਤਾਂ (ਨਾਲ) ਰੋਗ ਬੀ ਹੈ। ਉਚਾ ਹੋਣਾ ਹੈ ਤਾਂ (ਨਾਲ) ਨੀਵਾਂ ਹੋਣਾ ਬੀ ਹੈ, ਬਿਸਥਾਰ ਹੈ ਤਾਂ (ਨਾਲ) ਨਿੱਕਾ ਹੋਣਾ ਵੀ ਹੈ। ਰਾਜ ਹੈ ਤਾਂ (ਨਾਲ) ਮਾਨ ਬੀ ਹੈ, ਮਾਨ ਹੈ ਤਾਂ ਅਭਿਮਾਨ ਬੀ ਹੈ (ਤੇ ਜਿੱਥੇ) ਅਭਿਮਾਨ ਹੈ (ਉਥੇ) ਗਿਰਾਉ (ਬੀ) ਹੈ। ਪਰਵਿਰਤੀ ਦਾ ਜਿਨਾਂ ਵਰਤਾਵ ਹੈ ਸਾਰੇ ਦੇ ਨਾਲ ਬਿਨਾਸ ਹੈ (ਗੁਰੂ) ਨਾਨਕ (ਜੀ ਕਹਿੰਦੇ ਹਨ) ਕਿ ਸਾਧੂ ਦਾ ਸੰਗ ਹੈ, (ਤਾਂ ਨਾਲ) ਗੋਬਿੰਦ ਦਾ ਭਜਨ ਹੈ (ਇਸ ਨਾਲ) ਅਸਥਿਰਤਾ ਹੈ (ਹਾਂ) ਭਗਵੰਤ ਦੇ ਭਜਨ ਨੂੰ ਇਸਥਿਤੀ ਹੈ।

**ਭਾਵ**—ਇਸ ਵਿਚ ਬੜੀ ਉੱਤਮ ਗਲ ਦੱਸੀ ਹੈ, ਮਾਯਕ ਪਦਾਰਥਾਂ ਦੇ ਦੋਵੇਂ ਪਾਸੇ ਦਿਖ ਲੇ ਹਨ। ਜਿਕੁਰ ਮੂਰਤ ਦੇ ਦੋ ਪਾਸੇ ਹੁੰਦੇ ਹਨ—ਇਕ ਸੋਹਣਾ ਰੰਗਦਾਰ, ਦੂਜਾ ਕੋਰਾ ਭੈੜ ਭਬੂੰਨਾ। ਤਿਵੇਂ ਜਨਮ ਨਾਲ ਮੌਤ, ਖੁਸ਼ੀ ਨਾਲ ਸੋਗ, ਭੋਗ ਨਾਲ ਰੋਗ, ਉਚਾਣ ਨਾਲ ਨਿਵਾਨ, ਵਿਸਥਾਰ ਨਾਲ ਸੰਕੋਚ, ਰਾਜ ਨਾਲ ਮਾਨ, ਮਾਨ ਨਾਲ ਹੰਕਾਰ, ਹੰਕਾਰ ਨਾਲ ਗਿਰਾਉ ਸਦਾ ਮੌਜੂਦ ਹੈ। ਪਰਵਿਰਤੀ ਮਾਰਗ ਜਿਤਨਾ ਭੀ ਉਤਮਤਾਈ ਵਾਲਾ ਹੋਵੇਗਾ ਉਹ ਜ਼ਰੂਰ ਬਦਲੇਗਾ ਅਰ ਉੱਤਮਤਾਈ ਨਸ਼ਟ ਹੋ ਜਾਵੇਗੀ। ਪਰ ਇਸ ਤੋਂ ਉਲਟ ਸਤਿਸੰਗਤ ਵਿਚੋਂ ਭਜਨ ਪ੍ਰਾਪਤ ਹੁੰਦਾ ਹੈ, ਭਜਨ ਸਦਾ ਅਟੱਲ ਹੈ। ਗੁਰੂ ਜੀ ਜ਼ੋਰ ਦੇ ਕੇ ਕਹਿੰਦੇ ਹਨ ਕਿ ਕੇਵਲ ਭਗਵੰਤ ਦਾ ਭਜਨ ਹੀ ਇਸਥਿਤੀ ਵਾਲਾ ਹੈ, ਬਾਕੀ ਸਭ ਇਕ

Digitized by Panjab Digital Library | www.panjabdigilib.org

ਰਸ ਨਹੀਂ ਰਹਿੰਦੇ।

**ਕਿਰਪੰਤ ਹਰੀਅੰ ਮਤਿ ਤਤੁ ਗਿਆਨੰ ॥ ਬਿਗਸੀਧਿ ਬੁਧਾ ਕੁਸਲ ਥਾਨੰ ॥ ਬਸਿੵੰਤ ਰਿਖਿਅੰ ਤਿਆਗਿ ਮਾਨੰ ॥ ਸੀਤਲੰਤ ਰਿਦਯੰ ਦ੍ਰਿੜੁ ਸੰਤ ਗਿਆਨੰ ॥ ਰਹੰਤ ਜਨਮੰ ਹਰਿ ਦਰਸ ਲੀਣਾ ॥ ਬਾਜੰਤ ਨਾਨਕ ਸਬਦ ਬੀਣਾਂ ॥੧੩॥**

{ਕਿਰਪੰਤ = ਕਿਰਪਾ। ਮਤਿ = ਬੁਧੀ।}
ਬਿਗਸੀਧਿ = ਖਿੜਾਉਣਾ। ਕੁਸਲ ਥਾਨੰ = ਸੁਖ ਸਥਾਨ।
{ਬਸਿੵੰਤ = ਵੱਸ ਹੋ ਜਾਂਦੀਆਂ ਹਨ। ਰਿਖਿਅੰ = ਇੰਦ੍ਰੀਆਂ।}

**ਅਰਥ**—ਹਰੀ ਦੀ ਕ੍ਰਿਪਾ ਹੁੰਦੀ ਹੈ ਤਾਂ ਬੁਧਿ ਵਿਚ ਤਤਗਿਆਨ (ਆਕੇ) ਬੁੱਧੀ ਨੂੰ ਸੁਖ ਅਸਥਾਨ ਖਿੜਾ ਦਿੰਦਾ ਹੈ। ਵੱਸ (ਹੋ ਜਾਂਦੀਆਂ ਹਨ) ਇੰਦ੍ਰੀਆਂ, ਤਿਆਗ ਹੋ ਜਾਂਦਾ ਹੈ ਮਾਨ ਦਾ। ਹਿਰਦਾ ਠੰਢਾ ਠਾਰ ਹੋ ਜਾਂਦਾ ਹੈ ਤੇ ਦ੍ਰਿੜ੍ਹ ਹੋ ਜਾਂਦਾ ਹੈ ਸੰਤਾਂ ਵਾਲਾ (ਸਾਖਯਾਤ) ਗਿਆਨ। ਫੇਰ ਜਨਮ (ਭਰ) ਰਹਿੰਦਾ ਹੈ ਜੀਵ ਲੀਨ ਹਰੀ ਦੇ ਦਰਸਨ ਵਿਚ, (ਕਿਉਂਕਿ) ਵਜਦੀ ਰਹਿੰਦੀ ਹੈ ਸਬਦ ਦੀ ਬੀਣ ਹੇ ਨਾਨਕ!

**ਭਾਵ**—ਪਰਮੇਸ਼ਰ ਦੀ ਜਦ ਕਿਰਪਾ ਹੁੰਦੀ ਹੈ, ਤਦ ਇਹ ਕੁਝ ਹੁੰਦਾ ਹੈ:-ਤਤ ਗਿਆਨ ਪ੍ਰਕਾਸ਼ ਕਰਦਾ ਹੈ, ਬੁੱਧੀ ਜੋ ਸੰਸਾਰਾਕਾਰ ਹੋ ਰਹੀ ਹੁੰਦੀ ਹੈ, ਅਪਣੇ ਅਸਲੀ ਸਰੂਪ ਵਿਚ ਆਕੇ ਖਿੜ ਪੈਂਦੀ ਹੈ। ਇੰਦ੍ਰੀਆਂ ਵੱਸ, ਮਾਨ ਦੂਰ ਤੇ ਹਿਰਦਾ ਸੀਤਲ ਹੋ ਜਾਂਦਾ ਹੈ ਅਰ ਗਿਆਨ ਦ੍ਰਿੜ੍ਹ ਹੋ ਜਾਂਦਾ ਹੈ, ਤਦ ਜੀਵ ਹਰ ਵੇਲੇ ਪ੍ਰਭੂ ਦੇ ਦਰਸ਼ਨ ਵਿਚ ਲਿਵਲੀਨ ਰਹਿੰਦਾ ਹੈ, ਕਿਸੇ

Digitized by Panjab Digital Library | www.panjabdigilib.org

ਵੇਲੇ ਉਥਾਨ ਨਹੀਂ ਹੁੰਦਾ, ਕਿਉਂਕਿ ਸਬਦ ਦੀ ਮਧੁਰ ਸੁਰ ਹਰ ਵੇਲੇ ਵਜਦੀ ਅਰ ਉਸ ਨੂੰ ਮਸਤ ਰਖਦੀ ਹੈ। ਪਿਆਰੇ ਸਜਨੋਂ! ਜਿਸ ਪ੍ਰਭੂ ਦੀ ਕ੍ਰਿਪਾ ਨਾਲ ਐਸੀ ਉੱਤਮ ਅਵਸਥਾ ਪ੍ਰਾਪਤ ਹੁੰਦੀ ਹੈ, ਕਿਉਂ ਉਸ ਦੀ ਸ਼ਰਨ ਪੈਣੋਂ ਢਿੱਲ ਕਰ ਰਹੇ ਹੋ।

**ਕਹੰਤ ਬੇਦਾ ਗੁਣੰਤ ਗੁਨੀਆ ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ ॥ ਦ੍ਰਿੜੰਤ ਸੁਬਿਦਿਆ ਹਰਿ ਹਰਿ ਕ੍ਰਿਪਾਲਾ ॥ ਨਾਮ ਦਾਨੁ ਜਾਚੰਤ ਨਾਨਕ ਦੈਨਹਾਰ ਗੁਰ ਗੋਪਾਲਾ ॥੧੪॥**

{ਬੇਦਾ = ਗਿਆਨ, ਵੇਦ। ਕਹੰਤ = ਕਹਿੰਦੇ ਹਨ।
ਗੁਣੰਤ = ਵਿਚਾਰਦੇ ਹਨ। ਬਾਲਾ = ਜਗਿਆਸੂ।}

**ਅਰਥ**—(ਪੰਡਿਤ ਜਨ) ਕਥਨ ਕਰਦੇ ਹਨ ਗਿਆਨ, ਵਿਚਾਰਦੇ ਹਨ ਗੁਣੀ, ਸੁਣਦੇ ਹਨ ਜਗਯਾਸੂ ਬਹੁਤ ਬਿਧੀਆਂ ਅਰ ਪ੍ਰਕਾਰਾਂ ਕਰਕੇ। (ਪਰ) ਜਿਨ੍ਹਾਂ ਪੁਰ ਅਕਾਲ ਪੁਰਖ ਕ੍ਰਿਪਾਲ ਹੋਵੇ ਉੱਤਮ ਵਿਦਯਾ (ਬ੍ਰਹਮ ਵਿਦਯਾ) ਨੂੰ ਉਹੋ ਦ੍ਰਿੜ੍ਹ ਕਰਦੇ ਹਨ, (ਗੁਰੂ) ਨਾਨਕ ਦੇਵ ਜੀ ਕਹਿੰਦੇ ਹਨ ਕਿ) ਨਾਮ ਦਾਨ ਮੰਗਦੇ ਹਨ ਜੇਹੜੇ, ਉਹਨਾਂ ਨੂੰ ਦੇਣੇ ਵਾਲਾ ਹੈ ਅਕਾਲ ਪੁਰਖ ਗੁਰੂ ਦੁਆਰਾ।

**ਭਾਵ**—ਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਗਿਆਨ ਦੀ ਕਥਾ ਤਾਂ ਹੁੰਦੀ ਹੈ, ਗੁਣੀਜਨ ਵਿਚਾਰਦੇ ਹਨ ਅਰ ਜਗਯਾਸੂ ਸੁਣਦੇ ਹਨ, ਜੋ ਕਈ ਪ੍ਰਕਾਰ ਦੇ ਹਨ, ਉਨ੍ਹਾਂ ਦਾ ਸੁਨਣਾ ਅਨੇਕ ਪ੍ਰਕਾਰ ਦਾ ਹੈ। ਕੋਈ ਤਾਂ ਗਿਆਨ ਚਰਚਾ ਵਾਸਤੇ ਸੁਣਦੇ ਹਨ, ਕੋਈ ਦਿਗਬਿਜੈ ਕਰਨੇ ਵਾਸਤੇ, ਕੋਈ ਮਾਨ ਪ੍ਰਤਿਸ਼ਟਾ ਵਾਸਤੇ,

Digitized by Panjab Digital Library | www.panjabdigilib.org

ਕਈ ਹੋਰ ਟੱਟਿਆਂ ਵਾਸਤੇ, ਪਰ ਜਿਨਾਂ ਪੁਰ ਪਰਮੇਸ਼ਰ ਕ੍ਰਿਪਾਲੂ ਹੋਵੇ ਉਨਾਂ ਨੂੰ ਸੁਬਿਦਿਆ ਅਰਥਾਤ ਅਨੁਭਵ ਸਿੱਧ ਗਿਆਨ ਪ੍ਰਾਪਤ ਹੁੰਦਾ ਹੈ, ਕਿਉਂਕਿ ਉਹ ਨਾਮ ਦਾਨ ਨੂੰ ਮੰਗਦੇ ਹਨ, ਅਕਾਲ ਪੁਰਖ ਗੁਰੂ ਦਵਾਰਾ ਉਨਾਂ ਪਰ ਕ੍ਰਿਪਾ ਕਰਦਾ ਹੈ, ਕਿਉਂਕਿ ਉਹ ਦਾਤਾਰ ਹੈ।

ਕਈ ਵੇਦਾਂ ਦਾ ਅਰਥ ਵੇਦ ਪੁਸਤਕ ਕਰਦੇ ਹਨ, ਤਦ ਇਹ ਭਾਵ ਹੈ—ਪਹਿਲੀ ਤੁਕ ਵਿੱਚ ਵੇਦ ਦੇ ਕਹਿਣ ਸੁਣਨ ਦਾ ਜ਼ਿਕਰ ਹੈ ਕਿ ਅਨਿਕ ਭਾਂਤ ਕਰ ਹੋ ਰਿਹਾ ਹੈ, ਦੂਜੇ ਵਿਚ ਸੁਬਿਦਯਾ ਦੇ ਕਥਨ ਦਾ ਹੈ ਜਿਸ ਨਾਲ ਨਾਮ ਦਾਨ, ਗੁਰੂ ਦੀ ਕ੍ਰਿਪਾ ਤੇ ਪਰਮੇਸ਼ਰ ਦੀ ਮਿਹਰ ਦੀ ਆਵੱਸ਼ਕਤਾ ਦੱਸੀ ਹੈ।

**ਨਹ ਚਿੰਤਾ ਮਾਤ ਪਿਤ ਭ੍ਰਾਤਹ ਨਹ ਚਿੰਤਾ ਕਛੁ ਲੋਕਕਹ ॥ ਨਹ ਚਿੰਤਾ ਬਨਿਤਾ ਸੁਤ ਮੀਤਹ ਪ੍ਰਵਿਰਤਿ ਮਾਇਆ ਸਨਬੰਧਨਹ ॥ ਦਇਆਲ ਏਕ ਭਗਵਾਨ ਪੁਰਖਹ ਨਾਨਕ ਸਰਬ ਜੀਅ ਪ੍ਰਤਿਪਾਲਕਹ ॥ ੧੫ ॥**

{ਬਨਿਤਾ = ਇਸਤ੍ਰੀ। ਸੁਤ = ਪੁਤ੍ਰ।
ਪ੍ਰਤਿਪਾਲਕਹ = ਪਾਲਣਾ ਕਰਨੇ ਵਾਲਾ।}

**ਅਰਥ**—ਨਹੀਂ ਹੈ ਚਿੰਤਾ ਮਾਤਾ ਪਿਤਾ ਤੇ ਭ੍ਰਾਤਾ ਦੀ, ਨਹੀਂ ਹੈ ਚਿੰਤਾ (ਲੋਕ) ਸੰਸਾਰ ਦੀ। ਨਹੀਂ ਹੈ ਚਿੰਤਾ ਵਹੁਟੀ ਪੁਤਰ ਤੇ ਮਿੱਤਰ ਦੀ, (ਕਿਉਂਕਿ ਇਹ ਸਾਰੇ) ਪਰਵਿਰਤੀ ਅਰ ਮਾਇਆ ਦੇ ਸੰਬੰਧ ਹਨ। ਦਿਆਲ ਹੋ ਗਿਆ ਹੈ (ਸਾਡੇ ਉਤੇ) ਇਕ ਅਕਾਲ ਪੁਰਖ, ਨਾਨਕ (ਗੁਰੂ ਜੀ ਦੱਸਦੇ ਹਨ ਕਿ) ਜੋ ਸਰਬ ਜੀਆਂ ਨੂੰ ਪਾਲਨੇ ਵਾਲਾ ਹੈ।

Digitized by Panjab Digital Library | www.panjabdigilib.org

**ਭਾਵ**—ਗੁਰੂ ਜੀ ਦੱਸਦੇ ਹਨ ਕਿ ਜਿਨ੍ਹਾਂ ਪੁਰ ਅਕਾਲ ਪੁਰਖ ਕ੍ਰਿਪਾਲੂ ਹੋਵੇ ਓਹ ਕਿਸੇ ਦੀ ਚਿੰਤਾ ਨਹੀਂ ਰਖਦੇ, ਕਾਰਣ ਇਹ ਹੈ ਕਿ ਜੇ ਓਹ ਕਿਸੇ ਦੀ ਚਿੰਤਾ ਕਰਨ ਤਾਂ ਅਕਾਲ ਪੁਰਖ ਦੀ ਯਾਦ ਨੂੰ ਤਿਆਗਣ, ਅਰ ਓਹ ਲੋਕ ਇਹ ਸਮਝਦੇ ਹਨ ਕਿ ਕਿਸੇ ਦੀ ਚਿੰਤਾ ਕਰਨ ਨਾਲ ਅਸੀਂ ਕਿਸੇ ਦਾ ਕੁਝ ਨਹੀਂ ਸੁਆਰ ਸਕਦੇ, ਤਾਂਤੇ ਨਿਸਫਲ ਅਰ ਹਾਨੀਕਾਰਕ ਜਾਣ ਕੇ ਉਹ ਆਪਣੇ ਰੱਬ ਦੀ ਚਿੰਤਾ ਰੱਖਦੇ ਹਨ, ਹੋਰ ਕਿਸੇ ਦੀ ਨਹੀਂ ਰੱਖਦੇ। ਹੁਣ ਸ਼ੰਕਾ ਹੁੰਦੀ ਹੈ ਕਿ ਓਹ ਸਨਬੰਧੀ ਤਾਂ ਫੇਰ ਰੁਲ ਜਾਣਗੇ। ਗੁਰੂ ਜੀ ਦੱਸਦੇ ਹਨ ਕਿ ਨਹੀਂ, ਕਿਉਂਕਿ ਅਕਾਲ ਪੁਰਖ ਦਿਆਲੂ ਹੈ, ਉਸ ਨੂੰ ਸਭ ਕਿਸੇ ਦਾ ਫਿਕਰ ਹੈ, ਇਸ ਲਈ ਸੰਤਾਂ ਨੂੰ ਬੇਫਿਕਰ ਰਹਿਣਾ ਚਾਹੀਦਾ ਹੈ। ਜਦ ਆਪ ਸਭ ਦੇ ਸਿਰ ਤੇ ਬੈਠਾ ਹੈ ਤਦ ਸਾਨੂੰ ਕੀ ਫਿਕਰ ਹੈ। ਸਾਡਾ ਤਾਂ ਫਿਕਰ ਮਾਇਆ ਦੇ ਸੰਬੰਧ ਕਰਕੇ ਹੋਵੇਗਾ ਜੋ ਹਰ ਪ੍ਰਕਾਰ ਹਾਨੀਕਾਰਕ ਹੈ।

ਇਥੇ ਉਪਦੇਸ਼ ਚਿੰਤਾ ਦੇ ਦੂਰ ਕਰਨੇ ਦਾ ਹੈ। ਟੱਬਰ ਨੂੰ ਛੱਡਕੇ ਨੱਸ ਜਾਣੇ ਦਾ ਨਹੀਂ ਹੈ। ਅਕਾਲ ਪੁਰਖ ਪਰ ਭਰੋਸਾ ਕਰਕੇ ਨਿਸਚਿੰਤ ਉਸ ਕ੍ਰਿਪਾਲੂ ਦੀ ਕ੍ਰਿਪਾ ਦੇ ਕ੍ਰਿਪਾ ਪਾਤ੍ਰ ਬਣਕੇ ਦਿਨ ਬਿਤਾਵਣ ਚਾਹੀਏ।

**ਅਨਿਤ੍ਯ ਵਿਤੰ ਅਨਿਤ੍ਯ ਹਿਤੰ ਅਨਿਤ੍ਯ ਆਸਾ ਬਹੁ ਬਿਧਿ ਪ੍ਰਕਾਰੰ ॥ ਅਨਿਤ੍ਯ ਹੇਤੰ ਅਹੰ ਬੰਧੰ ਭਰਮ ਮਾਇਆ ਮਲਨੰ ਬਿਕਾਰੰ ॥ ਫਿਰੰਤ ਜੋਨਿ ਅਨੇਕ ਜਠਰਾਗਨਿ ਨਹ ਸਿਮ-ਰੰਤ ਮਲੀਣ ਬੁਧੰ ॥ ਹੇ ਗੋਬਿੰਦ ਕਰਤ**

Digitized by Panjab Digital Library | www.panjabdigilib.org

# ਮਇਆ ਨਾਨਕ ਪਤਿਤ ਉਧਾਰਣ ਸਾਧ ਸੰਗਮਹ ॥ ੧੯ ॥

| | |
|---|---|
| ਅਨਿਤੁ = ਨਿੱਤ ਨਾ ਰਹਿਣੇ ਵਾਲੀ, ਨਾਸ਼ਵਾਨ । | |
| ਵਿਤੰ = ਦੌਲਤ । | ਹਿਤੰ = ਹਿਤ, ਪਿਆਰ । |
| ਅਹੰ = ਹੰਕਾਰ । | ਬੰਧੰ = ਬੰਧਨ । |
| ਮਲਨੰ = ਅਪਵਿਤ੍ਰ । | ਜਠਰਾਗਨਿ = ਗਰਭ ਅਗਨਿ। |
| ਮਇਆ = ਕ੍ਰਿਪਾ । | ਪਤਿਤ = ਨੀਚ । |

**ਅਰਥ**—ਦੌਲਤ ਸਦਾ ਰਹਿਣੇ ਵਾਲੀ ਨਹੀਂ, ਮਨ ਸਦਾ ਰਹਿਣੇ ਵਾਲਾ ਨਹੀਂ, ਬਹੁਤ ਬਿਧਾਂ ਤੇ ਭਾਂਤਾਂ ਦੀਆਂ ਆਸਾਂ ਸਦਾ ਰਹਿਣੇ ਵਾਲੀਆਂ ਨਹੀਂ । ਹਿਤ ਜੋ ਅਹੰਤਾ ਪੈਦਾ ਕਰਕੇ ਮਾਇਆ ਵਿਚ ਭਰਮਾ ਦਿੰਦਾ ਤੇ ਮਲੀਨ ਵਿਕਾਰਾਂ ਵਿਚ ਬੰਨ੍ਹ ਦਿੰਦਾ ਹੈ, ਫ਼ੇਰ ਫਿਰਾਉਂਦਾ ਹੈ ਅਨੇਕ ਜੋਨੀਆਂ ਦੀ ਜਠਰਅਗਨੀ ਵਿਖੇ,ਸਦਾ ਰਹਿਣੇ ਵਾਲਾ ਨਹੀਂ ਹੈ, (ਪਰ ਸ਼ੋਕ ਹੈ ਕਿ) ਮਲੀਨ ਬੁਧੀ ਵਾਲਾ ਨਹੀਂ ਸਿਮਰਦਾ (ਵਾਹਿਗੁਰੂ ਨੂੰ) । ਹੇ ਗੋਬਿੰਦ ! ਕ੍ਰਿਪਾ ਕਰੋ, ਸਾਧਾਂ ਦੀ ਸੰਗਤ, ਜੋ ਪਤਿਤਾਂ ਨੂੰ ਉਧਾਰਨੇ ਵਾਲੀ ਹੈ, ਬਖਸ਼ੋ ।

(ਬਾਕੀ ਅਗਲੀ ਵਾਰ)

Digitized by Panjab Digital Library | www.panjabdigilib.org

REGISTERED NO. P. 201

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

—o—

"ਨਿਰਗੁਨੀਆਰੇ ਗੁਨੁ ਨਹੀ ਕੋਈ॥
ਤੁਮ ਦਾਨੁ ਦੇਹੁ ਮਿਹਰਵਾਨਾ ॥

ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਦਾ

ਮਾਸਕ-ਪੱਤ੍ਰ

# ਨਿਰਗੁਣੀਆਰਾ

ਜਿ: ੬੯ ] ੧੫ ਮਾਰਚ ੧੯੭੧ [ਨੰ: ੩

ਟ੍ਰੈਕਟ ਨੰ: ੧੩੯੩

## ਸਲੋਕ ਸਹਸਕ੍ਰਿਤੀ ਸਟੀਕ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਟੀਕਾ ਕ੍ਰਿਤ

(ਭਾਗ ੨)

ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ

Digitized by Panjab Digital Library | www.panjabdigilib.org

## 'ਨਿਰਗੁਣੀਆਰਾ' ਬਾਰੇ ਮਾਲਕੀ ਆਦਿ ਦਾ ਵੇਰਵਾ

ਫਾਰਮ—੪ (ਦੇਖੋ ਨਿਯਮ ੮ ਪ੍ਰੈਸ ਐਕਟ)

੧. ਪ੍ਰਕਾਸ਼ਨ ਅਸਥਾਨ — ਅੰਮ੍ਰਿਤਸਰ।

੨. ਪ੍ਰਕਾਸ਼ਨ ਅਵਧੀ - ਮਾਸਕ।

੩. ੪. ੫. ਛਾਪਕ, ਪ੍ਰਕਾਸ਼ ਤੇ ਸੰਪਾਦਕ–
ਨਾਮ–ਗਿਆਨੀ ਰਾਮ ਸਿੰਘ, ਭਾਰਤੀ ਨਾਗਰਿਕ,
ਪਤਾ–ਦਫਤਰ ਖਾਲਸਾ ਟ੍ਰੈਕਟ ਸੁਸਾਇਟੀ, ਜੀ. ਟੀ. ਰੋਡ,

੬. ਮਾਲਕੀ - ਖਾਲਸਾ ਟ੍ਰੈਕਟ ਸੁਸਾਇਟੀ, ਅੰਮਿਤਸਰ।
ਆਨਰੇਰੀ ਸਕੱਤ੍ਰ — ਸਰਦਾਰ ਸਾਹਿਬ ਕਰਤਾਰ ਸਿੰਘ,

ਮੈਂ, ਰਾਮ ਸਿੰਘ ਗਿਆਨੀ, ਸੂਚਤ ਕਰਦਾ ਹਾਂ ਕਿ ਉਪਰ ਦਿੱਤਾ ਵੇਰਵਾ ਮੇਰੀ ਗਿਆਤ ਤੇ ਵਿਸ਼ਵਾਸ਼ ਅਨੁਸਾਰ ਸੱਚਾ ਹੈ।

੧੫-੩-੭੧. ਰਾਮ ਸਿੰਘ ਗਿਆਨੀ, ਪ੍ਰਕਾਸ਼ਕ

## ਖਬਰਾਂ

ਢਾਕਾ—ਪੂਰਬੀ ਪਾਕਸਤਾਨ ਵਿਚ ਸ਼ੇਖ ਮੁਜੀਬੁਲ ਰਹਿਮਾਨ ਨੇ ਆਰਜ਼ੀ ਸਿਵਲ ਨਾ ਫੁਰਮਾਨੀ ਦਾ ਐਲਾਨ ਕਰ ਦਿੱਤਾ ਹੈ ਤੇ ਮਾਰਸ਼ਲ ਲਾ ਵਿਰੁੱਧ ਬਗਾਵਤ ਕਰ ਦਿਤੀ ਹੈ।

ਨਵੀਂ ਦਿੱਲੀ—ਲੋਕ ਸਭਾਂ ਦੀਆਂ ਮੱਧ ਕਾਲੀ ਚੋਣਾਂ ਖਤਮ ਹੋ ਗਈਆਂ ਹਨ ਤੇ ਨਤੀਜੇ ਨਿਕਲ ਰਹੇ ਹਨ।

---

ਖਾਲਸਾ ਟੈਕਟ ਸੁਸਾਇਟੀ, ਅੰਮ੍ਰਿਤਸਰ ਵਲੋਂ ਗਿਆਨੀ ਰਾਮ ਸਿੰਘ ਜੀ ਪ੍ਰਿੰਟਰ ਤੇ ਪ੍ਰਕਾਸ਼ਕ ਨੇ ਗੁਰਸੇਵਕ ਪ੍ਰਿੰਟਿੰਗ ਪ੍ਰੈਸ ਸੰਟ੍ਰਲ ਖ਼ਾਲਸਾ ਯਤੀਮਖਾਨਾ [ਚੀਫ਼ ਖ਼ਾਲਸਾ ਦੀਵਾਨ] ਅੰਮ੍ਰਿਤਸਰ ਵਿਚ ਛਾਪਕੇ ਦਫ਼ਤ੍ਰ ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ। [ਸੰਪਾਦਕ–ਗਿਆਨੀ ਰਾਮ ਸਿੰਘ

Digitized by Panjab Digital Library | www.panjabdigilib.org

**ਭਾਵ**—ਪਹਿਲੇ ਗੁਰੂ ਜੀ ਮਾਯਾ ਦੀ ਅਨਿੱਤਤਾ ਦੱਸਦੇ ਹਨ, ਪਰ ਕਹਿੰਦੇ ਹਨ ਕਿ ਜਿਹੜਾ ਦਿਲ ਮਾਯਾ ਵਿਚ ਫਸਿਆ ਫਿਰਦਾ ਹੈ ਅਰ ਜਿਨ੍ਹਾਂ ਆਸਾਂ ਵਿਚ ਫਿਰਦਾ ਹੈ ਸੋ ਭੀ ਅਨਿੱਤ ਹੈ, ਦੇਖੋ ਆਸਾ ਕਰਨੇ ਵਾਲਾ ਚਿਤ, ਆਸ ਤੇ ਜਿਸ ਦੀ ਆਸਾ ਕਰਦਾ ਹੈ ਤਿੰਨੇ ਪਦਾਰਥ ਅਨਿੱਤ ਹਨ। ਫੇਰ ਇਹ ਜੀਵ ਮਲੀਨ ਵਿਕਾਰਾਂ ਵਿਚ ਫਸ ਰਿਹਾ ਹੈ, ਕਾਰਨ ਇਹ ਹੈ ਕਿ ਮਾਇਆ ਦੇ ਭਰਮ ਕਰਕੇ ਹਿਤ (ਮੋਹ) ਦੇ ਜਾਲ ਵਿਚ ਫਸ ਰਿਹਾ ਹੈ। ਇਸ ਦਾ ਫਲ ਇਹ ਹੁੰਦਾ ਹੈ ਕਿ ਅਨੇਕ ਜੂਨਾਂ ਵਿਚ ਪੈਕੇ ਮਾਤਾ ਦੇ ਗਰਭ ਦੀ ਅਗਨੀ ਵਿਚ ਸੜਦਾ ਹੈ। ਜੋ ਜੀਵ ਐਨਾ ਕੁਝ ਜਾਣਕੇ ਭੀ ਨਾ ਛੁਟੇ ਉਹ ਮਲੀਨ ਬੁਧੀ ਨਹੀਂ ਤਾਂ ਕੀਹ ਹੈ ? ਉਹ ਮੂਰਖ ਹੈ। ਹੁਣ ਗੁਰੂ ਸਾਹਿਬ ਜੀ ਸਾਡੇ ਪਾਪੀਆਂ ਤੇ ਮੂਰਖਾਂ ਵਾਸਤੇ ਆਪ ਪ੍ਰਾਰਥਨਾਂ ਕਰਦੇ ਹਨ ਕਿ ਹੇ ਸਚੇ ਪਾਤਸ਼ਾਹ ! ਇਹਨਾਂ ਮੂਰਖਾਂ ਅਰ ਪਤਿਤ ਜੀਵਾਂ ਨੂੰ ਸਾਧ ਸੰਗਤ ਬਖਸ਼ੀਏ, ਅਪਣੀ ਕ੍ਰਿਪਾ ਕਰੀਏ, ਜੋ ਇਹਨਾਂ ਨੂੰ ਸਤਿਸੰਗਤ ਦਾ ਪ੍ਰਵਾਹ ਪਵੇ। ਸਤਸੰਗਤ ਕੈਸੀ ਉੱਤਮ ਦਾਤ ਹੈ ਕਿ ਜੋ ਗੁਰੂ ਸਾਹਿਬ ਸਾਡੇ ਲਈ ਮੰਗਦੇ ਹਨ।

**ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇ-ਦੀਪ੍ਯ ਬੈਸ੍ਵਾਂਤਰਹ ॥ ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ ਗ੍ਰਹ ਚਿੰਤਾ ਜਨਮੰਤ ਮਰਣਹ ॥ ਅਨਿਕ ਸਾਧਨੰ ਨ ਸਿਧ੍ਯੰਤੇ ਨਾਨਕ ॥ ਅਸੰਭੰ ਅਸੰਭੰ ਅਸੰਭੰ ਸਬਦ ਸਾਧ ਸ੍ਵਜਨਹ ॥੧੭॥**

{ਗਿਰਿ = ਪਹਾੜ। ਪਤਿਤ = ਡਿਗਣਾ।
ਦੇ ਦੀਪ੍ਯ ਬੈਸ੍ਵਾਂਤਰਹ = ਬਲਦੀ ਅੱਗ। ਤੋਯੰ = ਜਲ।}

Digitized by Panjab Digital Library | www.panjabdigilib.org

**ਅਰਥ**—ਡਿੱਗ ਪਵੇ ਪਹਾੜ ਤੋਂ, ਜਾ ਪਵੇ ਵਿਚ ਪਤਾਲਦੇ,
ਜਾਏ ਬਲਦੀ ਅੱਗ ਵਿਚ,ਵਹਿ (ਰੁੜ੍ਹ)ਜਾਏ ਅਸਗਾਹ ਪਾਣੀਆਂ
ਮਾਂ ਲਹਿਰਾਂ ਵਿਚ, (ਪਰ ਇਹਨਾਂ ਤੋਂ ਵਧੀਕ) ਦੁਖਦਾਈ ਹੈ
ਦੀ ਚਿੰਤਾ, ਜੋ (ਦਿੰਦੀ ਹੈ) ਜਨਮ ਮਰਨ (ਆਵਾਗੌਣ)। ਅਰ
ਕ ਸਾਧਨ ਕਰਨੇ ਕਰਕੇ ਬੀ (ਸਿੱਧ) ਦੂਰ ਨਹੀਂ ਹੁੰਦੀ, ਪਰ
ਸੱਜਣ ਸਾਧੂ ਹਨ (ਉਨ੍ਹਾਂ ਦੇ) ਉਪਦੇਸ਼ ਨਾਲ (ਚਿੰਤਾ ਦੀ)
ਹੁੰਦੀ ਹੈ. (ਮਨ ਦੀਆਂ ਬ੍ਰਿਤੀਆਂ ਦਾ) ਟਿਕਾਉ ਹੁੰਦਾ ਹੈ (ਅਰ
ਾਤਮਾਂ ਵਿਚ) ਇਸਥਿਤੀ ਹੁੰਦੀ (ਕਹਿੰਦੇ ਹਨ ਗੁਰੂ) ਨਾਨਕ।

**ਭਾਵ**—ਇਸ ਸਲੋਕ ਵਿਚ ਗੁਰੂ ਜੀ ਗ੍ਰਿਹਸਤ ਦੀ ਚਿੰਤਾ
ਵਰਣਨ ਕਰਦੇ ਹਨ ਕਿ ਇਹ ਐਸੀ ਬੁਰੀ ਚੀਜ਼ ਹੈ ਕਿ ਜੋ
ਮਰਨ ਦਾ ਮੂਲ ਕਾਰਣ ਹੈ, ਕਿਉਂਕ ਅੱ ਪਹਿਰ ਜੋ
ਘਰ ਦੇ ਫਿਕਰਾਂ ਵਿਚ ਗ਼ਲਤਾਨ ਰਹਿਦਾ ਹੈ, ਮਰਕੇ
ਨ੍ਹਾਂ ਵਾਸ਼ਨਾਂ ਵਿਚ ਭੌਂਦਾ ਫਿਰਦਾ ਅਰ ਉਨ੍ਹਾਂ ਦਾ ਬੱਧਾ
ਾ ਮੁੜ ਮੁੜ ਜੰਮਦਾ ਮਰਦਾ ਹੈ, ਤਾਂਤੇ ਇਹ ਭਾਰੀ ਦੁਖ ਹੈ,
ਦੁਖ ਨਾ ਹੋਵੇ ਪਰ ਪਹਾੜ ਤੋਂ ਡਿੱਗਣਾ, ਅੱਗ ਵਿਚ ਸੜਨਾਂ,
ਵਿਚ ਰੁੜ੍ਹਨਾ ਆਦਿਕ ਦੁਖ ਬੇਸ਼ੱਕ ਆ ਜਾਣ, ਓਹ ਮਾੜੇ
ਕਿਉਂਕਿ ਓਹ ਜਨਮ ਮਰਨ ਦਾ ਕਾਰਨ ਨਹੀਂ ਹੁੰਦੇ।
ਦੁਖਦਾਈ ਚੀਜ਼ ਦਾ ਕੋਈ ਇਲਾਜ ਨਹੀਂ ਸਿਵਾ ਸੰਤਾਂ ਦੇ
ਸ ਦੇ। ਉਸ ਉਪਦੇਸ਼ ਨੂੰ ਕਮਾਉਣੇ ਤੇ ਚਿੰਤਾ ਦੂਰ ਹੁੰਦੀ
। ਮਨ ਏਕਾਗ੍ਰ ਹੁੰਦਾ ਹੈ, ਫੇਰ ਅਕਾਲ ਪੁਰਖ ਦੇ ਸਰੂਪ
ਸਥਿਤ ਹੋ ਜਾਂਦਾ ਹੈ। ਇਸ ਕਰਕੇ ਗੁਰੂ ਜੀ ਨੇ 'ਅਸਥੰਭ'
ਨ ਵੇਹੀ ਕਿਹਾ ਹੈ।

**ਦੂਖੰ ਅਨਿਕ ਹਤੰ ਜਨਮ ਦਾਰਿਦ੍ਰੰ**
**ਬਿਖ੍ਯਾਦੰ ॥ ਮਿਟੰਤ ਸਗਲ ਸਿਮਰੰਤ**

ਦ
ਹੈ,
ਡਿ
ਦਾ
ਵਾ
ਹੈ
ਪਰ

Digitized by Panjab Digital Library | www.panjabdigilib.org

# ਹਰਿ ਨਾਮ ਨਾਨਕ ॥ ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥੧੮॥

{ਹਤੰ = ਮਰਨਾ । ਬਿਖਾਦੰ = ਵਿਪਦਾ ।
ਪਾਵਕ = ਅੱਗ । ਕਾਸਟ = ਲਕੜੀ ।}

**ਅਰਥ**—ਕਰੜੇ ਦੁਖ (ਪਏ ਹੋਣ), ਅਨੇਕ (ਵੇਰ) ਮਰਨਾ ਜੰਮਣਾ ਪਵੇ, ਪਰਮ ਗਰੀਬੀ ਤੇ ਵਿਪਦਾ ਪਈ ਹੋਵੇ, ਪਰ ਜੇ ਹਰਿ ਦਾ ਨਾਮ ਸਿਮਰੇ (ਤਦ ਗੁਰੂ) ਨਾਨਕ (ਜੀ ਕਹਿੰਦੇ ਹਨ) ਕਿ ਸਭ ਮਿਟ ਜਾਂਦੇ ਹਨ, ਜਿੱਕੁਰ ਅਗਨੀ ਲਕੜੀ ਨੂੰ ਭਸਮ ਕਰ ਦੇਂਦੀ ਹੈ।

**ਭਾਵ**—ਇਸ ਵਿਚ ਸੰਸਾਰਕ ਤੇ ਹਿਰਦੇ ਦੇ ਦੁਖਾਂ ਦਾ ਵਰਣਨ ਕਰਦੇ ਹਨ ਅਰ ਉਨ੍ਹਾਂ ਦਾ ਇਲਾਜ ਦੱਸਦੇ ਹਨ ਕਿ ਹਰਿ ਦਾ ਨਾਮ ਸਾਰੇ ਦੁਖਾਂ ਦੇ ਨਸ਼ਟ ਕਰਨੇ ਨੂੰ ਇਸ ਤਰ੍ਹਾਂ ਸਮਰੱਥ ਹੈ ਜਿਸਤਰ੍ਹਾਂ ਅਗਨੀ ਲਕੜੀ ਨੂੰ ਫੂਕ ਦੇਣ ਲਈ ਸਮਰੱਥ ਹੈ। ਹੁਣ ਸਾਨੂੰ ਚਾਹੀਦਾ ਹੈ ਕਿ ਮਹਾਰਾਜ ਜੀ ਦੇ ਇਸ ਪਵਿੱਤ੍ਰ ਵਾਕ ਤੋਂ ਪੂਰਾ ਪੂਰਾ ਲਾਭ ਉਠਾਈਏ, ਕੌਮ ਵਿਚ ਹੋਰ ਹੋਰ ਤਰ੍ਹਾਂ ਦੇ ਖਿਆਲਾਤ ਅਜਬ ਅਜਬ ਸ਼ਕਲਾਂ ਬਣਾ ਕੇ ਖੜੇ ਹੁੰਦੇ ਜਾਂਦੇ ਹਨ, ਪਰ ਅਸਲੀ ਭਾਵ ਗੁੰਮ ਹੁੰਦੇ ਜਾਂਦੇ ਹਨ। ਦਸਾਂ ਪਾਤ-ਸ਼ਾਹੀਆਂ ਦੇ ਅਵਤਾਰ ਧਾਰਨੇ ਦਾ ਪ੍ਰਯੋਜਨ ਪਾਪੀਆਂ ਨੂੰ ਪਾਪਾਂ ਦੇ ਗੰਦੇ ਚਲ੍ਹੇ ਵਿੱਚੋਂ ਕੱਢਕੇ ਧਰਮ ਦੀ ਪਵਿਤ੍ਰ ਅਵਸਥਾ ਵਿਚ ਪੁਚਾਉਣੇ ਦਾ ਸੀ ਅਰ ਸੰਸਾਰ ਸਾਗਰ ਤੋਂ ਬਚਾ ਕੇ ਜਨਮ ਮਰਨ ਦੇ ਦੁਖ ਕੱਟਣੇ ਤੋਂ ਸੀ, ਪਰ ਹੁਣ ਕਰਨੀ ਦੇ ਊਰੇ ਤੇ ਕਹਿਣੀ ਦੇ ਸੂਹੇ ਗਿਆਨੀਆਂ ਦੇ ਉਪਦੇਸ਼ਾਂ ਨੇ ਸਾਨੂੰ ਐਸੀ ਠਠਿਆਰਾਂ ਦੀ ਬਿੱਲੀ ਬਣਾ ਦਿੱਤਾ ਹੈ, ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪੜ੍ਹਨਾ ਇੱਕ ਕਰ ਹੋ ਗਿਆ ਹੈ। ਦਿਲ ਹੂਰੀਂ ਤਾਂ ਉਡਾਰੀਆਂ ਮਾਰਦੇ ਵੈਰ ਦੀ ਅੱਗ ਵਿਚ ਸੜਦੇ ਹੁੰਦੇ ਹਨ ਤੇ ਅਖਾਂ ਪੋਥੀ ਵਲ

Digitized by Panjab Digital Library | www.panjabdigilib.org

ਤੇ ਜਿਹਬਾ ਉਚਾਰਨ ਵਿਚ ਹੁੰਦੀ ਹੈ। ਚਾਹੀਏ ਕਿ ਇਕ ਇਕ ਅੱਖਰ ਨੂੰ ਵਿਚਾਰਕੇ ਪੜ੍ਹੇ ਤੇ ਆਪਣਾ ਅੱਗਾ ਸਵਾਰੇ, ਨਹੀਂ ਤਾਂ ਝੂਠੇ ਦਾਵੇ ਬੰਨ੍ਹ ਬੰਨ੍ਹ ਕੇ ਸਾਡੇ ਵਰਗੇ ਅਸੰਖਾਂ ਹੀ ਅੱਗੇ ਮਰ ਚੁਕੇ ਹਨ। ਸਿੱਖ ਉਹੀ ਹੈ ਜੋ ਗੁਰੂ ਜੀ ਦੀ ਸਿਖ੍ਯਾ ਪੁਰ ਤੁਰੇ, ਨਾ ਕਿ ਉਹ ਜੋ ਗੁਰੂ ਜੀ ਦੀ ਸਿਖਿਆ ਨੂੰ ਆਪਣੀ ਉਪਜੀਵਕਾ ਦਾ ਸੰਦ ਜਾਂ ਆਪਣੇ ਕਪਟ ਸਾਧਣੇ ਦਾ ਹਥਿਆਰ ਬਣਾ ਲਵੇ।

**ਅੰਧਕਾਰ ਸਿਮਰਤ ਪ੍ਰਕਾਸੰ ਗੁਣ ਰਮੰਤ ਅਘ ਖੰਡਨਹ ॥ ਰਿਦ ਬਸੰਤਿ ਭੈਭੀਤ ਦੂਤਹ ਕਰਮ ਕਰਤ ਮਹਾ ਨਿਰਮਲਹ ॥ ਜਨਮ ਮਰਣ ਰਹੰਤ ਸ੍ਰੋਤਾ ਸੁਖ ਸਮੂਹ ਅਮੋਘ ਦਰਸਨਹ ॥ ਸਰਣ ਜੋਗੰ ਸੰਤ ਪ੍ਰਿਅ ਨਾਨਕ ਸੋ ਭਗਵਾਨ ਖੇਮੰ ਕਰੋਤਿ ॥ ੧੯ ॥**

{ਅਮੋਘ ਦਰਸਨਹ = ਸਫਲ ਦਰਸ਼ਨ। ਖੇਮੰ = ਕ੍ਰਿਪਾ।}

**ਅਰਥ**—ਸਿਮਰਨੇ (ਕਰਕੇ) ਹਨੇਰੇ ਵਿਚ ਪ੍ਰਕਾਸ਼ ਹੁੰਦਾ ਹੈ, ਗੁਣ ਕਥਨ ਕਰਨੇ ਤੇ ਪਾਪ ਨਾਸ਼ ਹੋ ਜਾਂਦੇ ਹਨ, ਰਿਦੇ ਵਿਚ (ਨਾਮ ਦੇ) ਬਸਣੇ ਕਰਕੇ ਦੂਤ (ਕਾਮ ਕ੍ਰੋਧਾਦਿ) ਡਰਦੇ ਹਨ (ਉਨ੍ਹਾਂ ਦੇ ਡਰ ਜਾਣੇ ਤੇ ਜਗਜਾਸੂ) ਮਹਾਂ ਨਿਰਮਲ ਕਰਮ ਕਰਦਾ ਹੈ। (ਨਾਮ) ਸੁਣਨੇ ਕਰਕੇ ਜਨਮ ਮਰਨ ਤੋਂ ਰਹਿਤ ਹੁੰਦਾ ਹੈ, ਸਫਲ ਦਰਸ਼ਨ (ਹੋਣ ਤੇ) ਸਾਰੇ ਹੀ ਸੁਖ ਹੋ ਜਾਂਦੇ ਹਨ। ਸ਼ਰਣ (ਲੈਣੇ ਦੇ) ਜੋਗ ਹੈ, ਸੰਤਾਂ ਦਾ ਪਜਾਰਾ ਹੈ ਓਹ ਭਗਵਾਨ (ਗੁਰੂ) ਨਾਨਕ (ਜੀ ਕਹਿੰਦੇ ਹਨ) ਖਿਮਾਂ ਕਰੇ (ਸਭਨਾਂ ਉਤੇ)।

Digitized by Panjab Digital Library | www.panjabdigilib.org

**ਭਾਵ**—ਨਾਮ ਦਾ ਮਹਾਤਮ ਕਥਨ ਕਰਦੇ ਹਨ ਕਿ ਸਿਮਰਨ ਨਾਲ ਤਾਂ ਗਿਆਨ ਪ੍ਰਾਪਤ ਹੁੰਦਾ ਹੈ, ਗੁਣਾਨੁਵਾਦ ਕਰਨ ਨਾਲ ਪਾਪ ਨਾਸ਼ ਹੁੰਦੇ ਹਨ ਤੇ ਰਿਦੇ ਵਿਚ ਧਾਰਨ ਕਰਨ ਤੇ ਕਾਮ ਕ੍ਰੋਧਾਦਿ ਨਾਸ਼ ਹੁੰਦੇ ਹਨ। ਫੇਰ ਸਭ ਕਰਮ ਨਿਰਮਲ ਹੋ ਜਾਂਦੇ ਹਨ। ਸੁਣਨੇ ਤੇ ਜਨਮ ਮਰਨ ਦਾ ਦੁਖ ਦੂਰ ਹੁੰਦਾ ਹੈ । ਜਦ ਐਤਨੀ ਧਾਰਨਾ ਟਿਕ ਜਾਵੇ ਤਦ ਦਰਸ਼ਨ ਸਫਲ ਹੁੰਦਾ ਹੈ ਅਰ ਸਾਰੇ ਸੁਖ ਆ ਜਾਂਦੇ ਹਨ। ਕਾਰਣ ਇਹ ਕਿ ਫੇਰ ਪਰਮਾਤਮਾਂ ਦੀ ਸ਼ਰਣ ਪੈਣੇ ਦਾ ਯਥਾਰਥ ਬੋਧ ਹੋ ਜਾਂਦਾ ਹੈ ਅਰ ਇਹ ਸਮਝ ਆ ਜਾਂਦੀ ਹੈ ਕਿ ਅਕਾਲ ਪੁਰਖ ਸ਼ਰਣ ਦੇ ਜੋਗ ਹੈ ਅਰ ਸੰਤਾਂ ਦਾ ਪ੍ਰੇਮੀ ਹੈ, ਮੈਂ ਨਿਕਾਰਾ ਤੇ ਪਾਪੀ ਹਾਂ, ਤਾਂਤੇ ਹਰ ਵੇਲੇ ਉਸ ਪਾਸੋਂ ਖਿਮਾਂ ਹੀ ਮੰਗਦੇ ਰਹਿਣਾ ਚਾਹੀਦਾ ਹੈ। ਪਾਠਕ ਜਨੋ ! ਐਸੇ ਅਮੋਲਕ ਪਦਾਰਥ ਨੂੰ ਤਿਆਗਕੇ ਕਿਉਂ ਭਟਕ ਰਹੇ ਹੋ ? ਛੇਤੀ ਕਰੋ, ਕਿਉਂਕਿ ਸਮਾਂ ਬੀਤਦਾ ਜਾਂਦਾ ਹੈ ਅਰ ਮੌਤ ਦਾ ਪਤਾ ਨਹੀਂ ਕਿ ਕਿਸ ਵੇਲੇ ਅਚਾਨਕ ਆ ਝਪਟੇ ।

**ਪਾਛੰ ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਨਹ ॥ ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ ॥ ਭਗਤ੍ਹੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ ॥ ਪਾਰਬ੍ਰਹਮ ਪੁਰਖ ਦਾਤਾਰਹ ॥ ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ ॥੨੦॥**

{ਪਾਛੰ = ਪਿਛਲੇ। ਅਗ੍ਰਣੀਵਹ = ਅੱਗੇ
ਕਿੰ ਨ = ਕਿਉਂ ਨਹੀਂ। ਲਭ੍ਯਤੇ = ਪ੍ਰਾਪਤ ਹੁੰਦਾ।}

Digitized by Panjab Digital Library | www.panjabdigilib.org

**ਅਰਥ**—ਪਿਛਲਿਆਂ ਨੂੰ ਕਰ ਦਿੰਦਾ ਹੈ ਅੱਗੇ, ਨਿਰਾਸਿਆਂ ਦੀ (ਕਰ ਦਿੰਦਾ ਹੈ) ਆਸਾ ਪੂਰਨ। ਨਿਰਧਨ ਹੋ ਜਾਂਦੇ ਹਨ ਧਨਵਾਨ (ਤੇ) ਰੋਗੀ ਨਵੇਂ ਨਰੋਏ। ਭਗਤਾਂ ਨੂੰ ਦਿੰਦਾ ਹੈ ਭਗਤੀ ਦਾ ਦਾਨ, (ਕਿਸ ਪ੍ਰਕਾਰ ?) ਅਕਾਲ ਪੁਰਖ ਦੇ ਨਾਮ ਦੇ ਗੁਣਾਂ ਦਾ ਕੀਰਤਨ ਕਰਨੇ ਕਰਕੇ। (ਕਿਸੇ ਤਰ੍ਹਾਂ) ਪਾਰਬ੍ਰਹਮ ਪੂਰਨ ਦਾਤਾਰ (ਲੱਭਦਾ ਭੀ ਹੈ ? ਗੁਰੂ) ਨਾਨਕ (ਦੇਵ ਜੀ ਕਹਿੰਦੇ ਹਨ) ਗੁਰੂ ਦੀ ਸੇਵਾ ਕਰਨੇ ਤੇ ਕਿਉਂ ਨਹੀਂ ਲੱਭਦਾ ? (ਭਾਵ ਗੁਰ ਸੇਵਾ ਕਰਨ ਤੇ ਜ਼ਰੂਰ ਲੱਭਦਾ ਹੈ)।

**ਭਾਵ**—ਪਾਰਬ੍ਰਹਮ ਪਰਮੇਸੁਰ ਦਾਤਾਰ ਦਾ ਜੋ ਪਵਿਤ੍ਰ ਨਾਮ ('ਸਤਿਨਾਮੁ' ਤੇਰਾ ਪਰਾ ਪੂਰਬਲਾ) ਹੈ, ਉਸਦੇ ਉਚਾਰਨ ਕਰਨ ਤੇ ਅਕਾਲ ਪੁਰਖ ਦੀ ਪ੍ਰਾਪਤੀ ਹੁੰਦੀ ਹੈ ਅਰ ਪਿਛੇ ਰਹਿਣੇ ਵਾਲੇ ਅੱਗੇ ਹੋ ਜਾਂਦੇ ਹਨ, ਨਿਰਾਸਿਆ ਦੀਆਂ ਆਸਾਂ ਪੂਰਨ ਹੋ ਜਾਂਦੀਆਂ ਹਨ, ਨਿਰਧਨ ਧਨਵਾਨ ਤੇ ਰੋਗੀ ਨਰੋਏ ਹੋ ਜਾਂਦੇ ਹਨ ਅਰ ਭਗਤਾਂ ਨੂੰ ਭਗਤੀ ਦਾ ਦਾਨ ਪ੍ਰਾਪਤ ਹੁੰਦਾ ਹੈ। ਐਸਾ ਕਲਪ ਬ੍ਰਿਛ ਨਾਲੋਂ ਸ੍ਰੇਸ਼ਟ ਨਾਮ ਜੋ ਅਕਾਲ ਪੁਰਖ ਦਾ ਹੈ ਉਹ ਕਿਸਤਰ੍ਹਾਂ ਲੱਭਦਾ ਹੈ ? ਇਹ ਪ੍ਰਸ਼ਨ ਉਪਜਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਗੁਰੂ ਜੀ ਦੀ ਸੇਵਾ ਨਾਲ ਕਿਉਂ ਨਹੀਂ ਲੱਭਦਾ ? ਭਾਵ ਇਹ ਕਿ ਜ਼ਰੂਰ ਲੱਭਦਾ ਹੈ। ਇਸ ਵਿਚ ਗੁਰੂ ਜੀ ਦੀ ਸੇਵਾ ਨੂੰ ਮੁੱਖਤਾ ਦਿੱਤੀ ਹੈ, ਕਿਉਂਕਿ ਗੁਰੂ ਜੀ ਦੀ ਕ੍ਰਿਪਾ ਬਾਝ ਨਾਮ ਦੀ ਪ੍ਰਾਪਤੀ ਨਹੀਂ ਅਰ ਨਾਮ ਦੀ ਪ੍ਰਾਪਤੀ ਹੀ ਮੂਲ ਗਲ ਹੈ, ਕਿਉਂਕਿ ਸਾਰੇ ਸੁਖ ਇਸੇ ਤੋਂ ਪੈਦਾ ਹੁੰਦੇ ਹਨ। ਨਾਮ ਨਾਮੀ ਦਾ ਭੇਦ ਨਹੀਂ ਹੈ, ਤਾਂਤੇ ਪਿਆਰੇ ਸੱਜਣੋ! ਗੁਰੂ ਜੀ ਦੇ ਵਾਕਾਂ ਪੁਰ ਤੁਰੋ ਅਰ ਗੁਰੂ ਜੀ ਦੀ ਸੇਵਾ ਕਰੋ ਜੋ ਜਨਮ ਮਰਣ ਦਾ ਦੁਖ ਦੂਰ ਹੋਵੇ।

**ਅਧਰੰ ਧਰੰ ਧਾਰਣਹ ਨਿਰਧਨੰ ਧਨ ਨਾਮ**

Digitized by Panjab Digital Library | www.panjabdigilib.org

**ਨਰਹਰਹ ॥ ਅਨਾਥ ਨਾਥ ਗੋਬਿੰਦਹ ਬਲਹੀਣ ਬਲ ਕੇਸਵਹ ॥ ਸਰਬ ਭੂਤ ਦਯਾਲ ਅਚੁਤ ਦੀਨ ਬਾਂਧਵ ਦਾਮੋਦਰਹ ॥ ਸਰਬਗ੍ਯ ਪੂਰਨ ਪੁਰਖ ਭਗਵਾਨਹ ਭਗਤਿ ਵਛਲ ਕਰੁਣਾ-ਮਯਹ ॥ ਘਟਿ ਘਟਿ ਬਸੰਤ ਬਾਸੁਦੇਵਹ ਪਾਰ-ਬ੍ਰਹਮ ਪਰਮੇਸੁਰਹ ॥ ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ ॥੨੧॥**

ਅਧਰ = ਅਕਾਸ਼। ਧਰ = ਪ੍ਰਿਥਵੀ। ਸਰਬਭੂਤ = ਸਭ ਕਾਲਾਂ ਵਿਚ। ਦੀਨ ਬਾਂਧਵ = ਗਰੀਬਾਂ ਦਾ ਸਹਾਇਕ। ਜਾਚੰਤ = ਮੰਗਦੇ ਹਨ। ਨਰਹਰਹ = ਗੋਬਿੰਦ, ਕੇਸਵ, ਦਾਮੋਦਰ, ਭਗਵਾਨ, ਬਾਸਦੇਵ, ਪਾਰਬ੍ਰਹਮ, ਪਰਮੇਸਰ ਨਾਰਾਇਣ ਇਹ ਸਭ ਅਕਾਲ ਪੁਰਖ ਦੇ ਹੀ ਨਾਮ ਹਨ।

**ਅਰਥ**—ਅਕਾਸ਼ ਤੇ ਪ੍ਰਿਥਵੀ ਦੇ ਧਾਰਣੇ ਵਾਲਾ, ਨਿਰਧਨ ਦਾ ਧਨ ਅਕਾਲ ਪੁਰਖ ਦਾ ਨਾਮ ਹੈ। ਅਨਾਥਾਂ ਦਾ ਨਾਥ ਗੋਬਿੰਦ ਹੈ, ਬਲ ਹੀਣਾਂ ਦਾ ਬਲ ਅਕਾਲ ਪੁਰਖ ਹੈ। ਦਿਆਲ ਅਰ ਨਾ ਡਿਗਣੇ ਵਾਲਾ ਪਰਮੇਸ਼ਰ ਸਰਬ ਭੂਤ (ਆਪ) ਹੈ। (ਦੀਨਾਂ) ਗਰੀਬਾਂ ਦਾ ਬੰਧੂ ਹੈ ਅਕਾਲ ਪੁਰਖ। (ਉਹ) ਭਗਵਾਨ ਸਰਬ ਦੇ ਜਾਣਨੇ ਵਾਲਾ ਹੈ, ਪੂਰਨ ਹੈ, ਵਿਆਪਕ ਹੈ, ਭਗਤ ਵੱਛਲ ਹੈ ਤੇ ਕਿਰਪਾਲੂ ਹੈ। (ਉਹ) ਅਕਾਲ ਪੁਰਖ ਘਟ ਘਟ ਵਿਚ ਵਸਦਾ ਹੈ, ਪਰ ਨਾ ਵਿਸਰੇ।

Digitized by Panjab Digital Library | www.panjabdigilib.org

ਪਾਰਬ੍ਰਹਮ ਹੈ ਤੇ ਪਰਮੇਸ਼ਰ ਹੈ। (ਗੁਰੂ) ਨਾਨਕ (ਦੇਵ) ਉਸ ਕ੍ਰਿਪਾਲ ਦੀ ਪ੍ਰਸੰਨਤਾ ਮੰਗਦੇ ਹਨ ਕਿ ਸਾਨੂੰ ਪਰਮੇਸ਼ਰ ਨਾ ਵਿਸਰੇ,

**ਭਾਵ**—ਇਸ ਸਲੋਕ ਵਿਚ ਗੁਰੂ ਜੀ ਨੇ ਪਰਮੇਸ਼ਰ ਦੇ ਕਈ ਨਾਮ ਗਿਣੇ ਹਨ ਅਰ ਉਸਦੀ ਸਰਬ ਸ਼ਕਤੀ-ਮਾਨਤਾ, ਦਿਆਲਤਾ; ਪੂਰਨਤਾ ਤੇ ਗਿਆਨ ਦੱਸੇ ਹਨ ਤੇ ਛੇਕੜ ਇਹ ਬੇਨਤੀ ਕੀਤੀ ਹੈ ਕਿ ਸਾਡੇ ਪਰ ਪ੍ਰਸੰਨ ਰਹੀਏ ਅਰ ਸਾਨੂੰ ਐਸਾ ਪ੍ਰੇਮ ਬਖਸ਼ੀਏ ਕਿ ਅਸੀਂ ਤੈਨੂੰ ਨਾ ਭੁੱਲੀਏ, ਸਦਾ ਯਾਦ ਰਖੀਏ। ਸੋ ਸ ਨੂੰ ਸਭ ਨੂੰ ਬੀ ਇਹ ਪ੍ਰਾਰਥਨਾ ਕਰਨੀ ਚਾਹੀਦੀ ਹੈ।

**ਨਹ ਸਮਰਥੰ ਨਹ ਸੇਵਕੰ ਨਹ ਪ੍ਰੀਤਿ ਪਰਮ ਪੁਰਖੋਤਮੰ॥ ਤਵ ਪ੍ਰਸਾਦਿ ਸਿਮਰਤੇ ਨਾਮੰ ਨਾਨਕ ਕ੍ਰਿਪਾਲ ਹਰਿ ਹਰਿ ਗੁਰੰ॥੨੨॥**

{ਸੇਵਕੰ = ਸੇਵਕਾਈ। ਤਵਪ੍ਰਸਾਦਿ = ਤੇਰੀ ਕ੍ਰਿਪਾ।}

**ਅਰਥ**—(ਮੇਰੀ) ਨਾ ਸਮਰਥਾ ਹੈ, ਨਾ ਸੇਵਕਾਈ ਹੈ, ਨਾ ਪ੍ਰੀਤੀ ਹੈ, ਕੇਵਲ ਤੇਰੀ ਕ੍ਰਿਪਾ ਕਰਕੇ ਸਿਮਰਦਾ ਹਾਂ ਪਰਮ ਪੁਰਖੋਤਮ ਅਕਾਲ ਪੁਰਖ ਦਾ ਨਾਮ, (ਗੁਰੂ) ਨਾਨਕ (ਜੀ ਕਹਿੰਦ ਹਨ) ਕਿ ਇਹ ਪਰਮੇਸ਼ਰ ਅਰ ਗੁਰੂ ਦੀ ਹੀ ਸਭ ਕ੍ਰਿਪਾ ਹੈ।

**ਭਾਵ**—ਪਰਮ ਅਧੀਨਗੀ ਅਰ ਸ਼ੁਕਰ ਗੁਜ਼ਾਰੀ ਦਿਖਾਲੀ ਹੈ। ਗੁਰੂ ਜੀ ਕਹਿੰਦੇ ਹਨ ਕਿ ਇਹ ਜੋ ਅਸੀਂ ਨਾਮ ਜਪਦੇ ਹਾਂ ਨਾ ਸਾਡੀ ਸਮਰਥਾ ਕਰਕੇ ਹੈ, ਨਾ ਸੇਵਾ ਕਰਕੇ ਤੇ ਨਾ ਪ੍ਰੀਤਿ ਕਰਕੇ ਹੈ, ਪਰੰਤੂ ਇਹ ਕੇਵਲ ਹੇ ਅਕਾਲ! ਤੇਰੀ ਪ੍ਰਸੰਨਤਾ ਕਰਕੇ ਹੈ ਅਰ ਗੁਰੂ ਸਰੂਪ ਦੀ ਕ੍ਰਿਪਾ ਕਰਕੇ ਹੈ। ਭਾਵ ਇਹ ਹੈ ਕਿ ਭਲਿਆਈ ਨੂੰ ਪਾਕੇ ਹੰਕਾਰਨਾ ਨਹੀਂ ਚਾਹੀਦਾ, ਕਿਉਂਕਿ ਇਹ

Digitized by Panjab Digital Library | www.panjabdigilib.org

ਪ੍ਰਭੂ ਦੀ ਦਾਤ ਹੈ, ਆਪਣੇ ਗੁਣਾਂ ਦਾ ਫਲ ਨਹੀਂ ਹੈ ਅਰ ਸ਼ੁਕਰ ਕਰਨਾ ਚਾਹੀਦਾ ਹੈ।

**ਭਰਣ ਪੋਖਣ ਕਰੰਤ ਜੀਆ ਬਿਸ੍ਰਾਮ ਛਾਦਨ ਦੇਵੰਤ ਦਾਨੰ॥ ਸ੍ਰਿਜੰਤ ਰਤਨ ਜਨਮ ਚਤੁਰ ਚੇਤਨਹ॥ ਵਰਤੰਤਿ ਸੁਖ ਆਨੰਦ ਪ੍ਰਸਾਦਹ॥ ਸਿਮਰੰਤ ਨਾਨਕ ਹਰਿ ਹਰਿ ਹਰੇ॥ ਅਨਿਤ੍ਰ ਰਚਨਾ ਨਿਰਮੋਹਤੇ॥ ੨੩॥**

{ਭਰਨ ਪੋਖਣ = ਖਾਨ ਪਾਨ ਕਰਕੇ, ਪਾਲਣਾ ਕਰਨੀ।
ਸ੍ਰਿਜੰਤ = ਸਿਰਜਦਾ ਹੈ।}

**ਅਰਥ**—ਜੀਵਾਂ ਨੂੰ ਅੰਨ ਦਿੰਦਾ ਤੇ ਪਾਲਣਾਂ (ਪੁਸ਼ਟੀ) ਕਰਦਾ ਹੈ, ਅਰਾਮ ਕਰਨੇ ਦਾ ਅਸਥਾਨ ਤੇ ਬਸਤ੍ਰ ਦਾਨ ਦੇਂਦਾ ਹੈ। ਸਿਰਜਦਾ ਹੈ, ਰਤਨ (ਜੈਸਾ ਮਨੁੱਖਾ ਜਨਮ) ਦੇਂਦਾ ਹੈ (ਉਹ ਪਰਮੇਸ਼ਰ ਜੋ) ਚਤੁਰ ਹੈ (ਅਰ) ਚੇਤਨ ਹੈ। (ਉਸ ਵਲੋਂ) ਵਰਤਦਾ ਹੈ ਕ੍ਰਿਪਾ ਪੂਰਬਕ ਸੁਖ ਤੇ ਆਨੰਦ। (ਕਹਿੰਦੇ ਹਨ ਗੁਰੂ) ਨਾਨਕ (ਜੀ) 'ਹਰਿ ਹਰਿ ਹਰੇ' ਦਾ ਸਿਮਰਨ ਕਰਦੇ ਹੋਇਆਂ ਇਹ ਰਚਨਾਂ (ਭਾਵ ਸੰਸਾਰ) ਅਨਿੱਤ ਹੈ, ਇਸ ਤੇ ਨਿਰਮੋਹ ਹੋਈਏ।

**ਭਾਵ**—ਗੁਰੂ ਜੀ ਅਕਾਲ ਪੁਰਖ ਦੀ ਦਿਆਲਤਾ ਦੱਸਦੇ ਹਨ ਕਿ ਉਹ ਸਾਨੂੰ ਪਾਲਦਾ, ਪੋਸਦਾ ਤੇ ਸਭ ਪ੍ਰਕਾਰ ਦੇ ਸੁਖ ਦੇਂਦਾ ਹੈ, ਜਨਮ ਬਖ਼ਸ਼ਦਾ ਹੈ ਅਰ ਆਪਣੀ ਹੀ ਕ੍ਰਿਪਾ ਨਾਲ ਆਤਮਕ ਸੁਖਾਂ ਦਾ ਆਨੰਦ ਬਖਸ਼ਦਾ ਹੈ, ਹੁਣ ਸਾਨੂੰ ਕੀ ਚਾਹੀਦਾ ਹੈ? ਕਿ ਉਸਨੂੰ ਹਰ ਵੇਲੇ ਯਾਦ ਕਰੀਏ ਅਰ ਇਸ ਚੱਲਣਹਾਰ ਸੰਸਾਰ ਤੋਂ ਨਿਰਮੋਹ ਹੋਈਏ।

Digitized by Panjab Digital Library | www.panjabdigilib.org

**ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ ॥ ਬਿਪਰੀਤ ਬੁਧੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ ॥੨੪॥**

{ਪਰਾ ਪੂਰਬੇਣ = ਪਿਛਲੇ ਪਿਛਲੇਰੇ। ਭੁੰਚੰਤੇ = ਭੋਗਦੇ ਹਨ। ਮਹੀਪਤੇ = ਰਾਜੇ।}

**ਅਰਥ**—ਪਿਛਲੇ ਪਿਛਲੇਰੇ ਜਨਮਾਂ ਦੇ ਦਾਨਾਂ ਦਾ ਫਲ ਰਾਜੇ ਲੋਕ ਭੋਗਦੇ ਹਨ। ਉਲਟੀ ਅਕਲ ਵਾਲੇ ਹੋ ਕੇ ਮਾਰਦੇ ਹਨ ਲੋਕਾਂ ਨੂੰ (ਜਿਸਦੇ ਬਦਲੇ) ਚਿਰ ਕਾਲ ਤੀਕ ਦੁਖ ਪਾਉਂਦੇ ਹਨ।

**ਭਾਵ**—ਪਿਛਲੇ ਜਨਮਾਂ ਦੇ ਉੱਤਮ ਕਰਮਾਂ ਕਰਕੇ ਰਾਜ ਪ੍ਰਾਪਤ ਹੁੰਦਾ ਹੈ, ਜਦ ਰਾਜ ਪੁਰ ਰਾਜੇ ਬੈਠਦੇ ਹਨ ਤਦ ਅਨਰਥ ਚੁੱਕ ਲੈਂਦੇ ਹਨ ਅਰ ਜ਼ੁਲਮ ਕਰਦੇ ਹਨ, ਬੇਗੁਨਾਹਾਂ ਨੂੰ ਮਾਰਦੇ ਹਨ, ਕੁਝ ਅੱਗਾ ਪਿੱਛਾ ਨਹੀਂ ਵਿਚਾਰਦੇ। ਐਸ਼ ਇਸ਼ਰਤ ਵਿਚ ਦਿਨ ਰਾਤ ਖਰਚ ਕਰਦੇ ਹਨ। ਇਨ੍ਹਾਂ ਗਲਾਂ ਦਾ ਫਲ ਇਹ ਹੁੰਦਾ ਹੈ ਕਿ ਤਰ੍ਹਾਂ ਤਰ੍ਹਾਂ ਦੇ ਰੋਗ ਲੱਗ ਜਾਂਦੇ ਹਨ। ਪਰਜਾ ਹਾਹ ਮਾਰਦੀ ਹੈ। ਅੰਤ ਭੈੜਾ ਜਮ ਆਉਂਦਾ ਹੈ, ਮੁੜ ਕੇ ਅਨੇਕ ਜਨਮ ਦੁਖਾਂ ਵਿਚ ਭੋਗਦੇ ਹਨ ਤੇ ਚੁਰਾਸੀ ਦੇ ਗੇੜਿਓਂ ਨਿਕਲ ਨਹੀਂ ਸਕਦੇ। ਇਸੇ ਕਰਕੇ ਆਮ ਕਹਾਵਤ ਹੈ :—"ਤਪੋਂ ਰਾਜ ਤੇ ਰਾਜੋਂ ਨਰਕ"। ਸਾਡੇ ਪੰਥ ਦੇ ਰਾਜਿਆਂ ਨੂੰ ਹੁਸ਼ਿਆਰ ਹੋਣਾ ਚਾਹੀਦਾ ਹੈ।

**ਬ੍ਰਿਥਾ ਅਨੁਗ੍ਰਹੰ ਗੋਬਿੰਦਹ ਜਸ੍ਯ ਸਿਮਰਣ ਰਿਦੰਤਰਹ ॥ ਆਰੋਗੵੰ ਮਹਾ ਰੋਗੵੰ ਬਿਸਿਮ੍ਰਿਤੇ**

Digitized by Panjab Digital Library | www.panjabdigilib.org

## ਕਰੁਣਾ ਮਯਹ ॥੨੫॥

{ਬ੍ਰਿਥਾ = ਦੁਖ, ਪੀੜਾ। ਅਨੁਗ੍ਰਹੰ = ਕ੍ਰਿਪਾ।}

**ਅਰਥ**—ਪੀੜਾ ਨੂੰ ਅਕਾਲ ਪੁਰਖ ਦੀ ਕ੍ਰਿਪਾ ਸਮਝਦੇ ਹਨ ਓਹ, ਜਿਨ੍ਹਾਂ ਦੇ ਹਿਰਦੇ ਦੇ ਅੰਦਰ (ਅਕਾਲ ਪੁਰਖ ਦਾ) ਸਿਮਰਣ ਹੈ ਤੇ ਓਹ ਅਰੋਗ ਪੁਰਖ ਜੋ ਭੁਲਾਉਂਦਾ ਹੈ ਕਿਰਪਾ ਨਿਧਾਨ ਅਕਾਲ ਪੁਰਖ ਨੂੰ, ਮਹਾਂ ਰੋਗੀ ਹੈ।

**ਭਾਵ**—ਜਿਸ ਪੁਰਖ ਨੂੰ ਪਰਮੇਸ਼ਰ ਭੁੱਲ ਜਾਵੇ ਉਹ ਮਹਾਂ ਰੋਗੀ ਹੈ, ਕਿਉਂਕਿ ਉਸ ਦੇ ਅੰਦਰ ਬੜਾ ਭਾਰਾ ਦੁੱਖ ਹਉਮੈ ਦਾ ਲਗ ਰਿਹਾ ਹੈ। ਪਰ ਜਿਸ ਪੁਰਖ ਦੇ ਹਿਰਦੇ ਵਿਚ ਅਕਾਲ ਪੁਰਖ ਦਾ ਸਿਮਰਨ ਬਿਰਾਜਮਾਨ ਹੈ, ਉਹ ਭਾਵੇਂ ਰੋਗੀ ਹੈ, ਪਰ ਤਦ ਬੀ ਰੋਗੀ ਨਹੀਂ, ਕਿਉਂਕਿ ਉਸ ਦੇ ਅੰਦਰ ਠੰਢ ਹੈ। ਸਰੀਰ ਦੇ ਰੋਗ ਨੂੰ ਉਹ ਆਪਣਾ ਰੋਗ ਨਹੀਂ ਸਮਝਦਾ, ਸਰੀਰ ਦਾ ਭੋਗ, ਕਰਮਾਂ ਦਾ ਫਲ ਤੇ ਅਕਾਲ ਪੁਰਖ ਦਾ ਭਾਣਾ ਸਮਝਦਾ ਹੈ ਅਰ ਇਸ ਕਰਕੇ ਉਸਦੀ ਸੋਚ ਐਸੀ ਪੱਕੀ ਹੈ ਕਿ ਉਹ ਦੁਖ ਨੂੰ ਭੀ ਅਕਾਲ ਪੁਰਖ ਦੀ ਕਿਰਪਾ ਸਮਝਦਾ ਹੈ ਅਰ ਕਿਰਪਾ ਸਮਝਣੇ ਤੋਂ ਉਸਦੇ ਹਿਰਦੇ ਵਿਚ ਠੰਢ ਰਹਿੰਦੀ ਹੈ, ਠੰਢ ਰਹਿਣੇ ਤੇ ਦੁਖ ਦੀ ਪੀੜਾ ਦੁਖਦਾਈ ਨਹੀਂ ਰਹਿੰਦੀ।

## ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ॥ ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤ ਨ ਤ੍ਰਿਪ੍ਰਤੇ ॥੨੬॥

{ਰਮਣੰ = ਸਿਮਰਨ ਕਰਨਾ। ਤ੍ਰਿਪ੍ਰਤੇ = ਰੱਜਦੇ।}

Digitized by Panjab Digital Library | www.panjabdigilib.org

**ਅਰਥ**—ਦੇਹ ਧਾਰਨ ਕਰਨੇ ਦਾ ਉੱਤਮ ਧਰਮ ਕੇਵਲ ਸਿਮਰਣ ਕਰਨਾ ਹੈ, (ਕਹਿੰਦੇ ਹਨ ਗੁਰੂ) ਨਾਨਕ (ਜੀ) ਅਕਾਲ ਪੁਰਖ ਦੇ ਅੰਮ੍ਰਿਤ ਨਾਮ ਨੂੰ ਪੀਂਦੇ ਹੋਏ ਸੰਤ ਰੱਜਦੇ ਨਹੀਂ।

**ਭਾਵ**—ਦੇਹ ਦਾ ਧਰਮ ਮਹਾਰਾਜ ਦੱਸਦੇ ਹਨ ਕਿ ਅਕਾਲ ਪੁਰਖ ਦਾ ਜਸ ਕਰਨਾ ਹੈ, ਕਿਉਂਕਿ ਹੋਰ ਸਾਰੇ ਕਰਮ ਫੋਕਟ ਹਨ, ਜਿਨ੍ਹਾਂ ਦਾ ਅੰਤ ਨਹੀਂ ਹੈ ਅਰ ਮੌਤ ਤੋਂ ਉਪਰੰਤ ਕੋਈ ਇਨ੍ਹਾਂ ਵਿਚੋਂ ਕੰਮ ਆਉਣ ਵਾਲਾ ਨਹੀਂ, ਪਰ ਨਾਮ ਸਦਾ ਇਕ ਰਸ ਨਾਲ ਨਿਭਣੇ ਵਾਲਾ ਹੈ। ਤਾਂਤੇ ਪਰਮ ਧਰਮ ਇਹੀ ਹੈ। ਫਿਰ ਇਹ ਸ੍ਵਾਦੀਕ ਐਸਾ ਹੈ ਕਿ ਜਿਨ੍ਹਾਂ ਸੰਤ ਜਨਾਂ ਨੂੰ ਇਸ ਦਾ ਸ੍ਵਾਦ ਪਿਆ ਹੈ, ਉਹ ਇਸ ਨੂੰ ਐਸਾ ਪੀਂਦੇ ਹਨ ਕਿ ਛਡਣ ਦਾ ਨਾਂ ਨਹੀਂ ਲੈਂਦੇ। ਜਿਉਂ ਜਿਉਂ ਅਧਿਕ ਪੀਂਦੇ ਹਨ, ਤਿਉਂ ਤਿਉਂ ਵਧੀਕ ਛੱਡਣੇ ਨੂੰ ਜੀ ਨਹੀਂ ਕਰਦਾ, ਕਿਉਂਕਿ 'ਜਿਉ ਅਧਿਕਉ ਤਿਉ ਸੁਖੁ ਘਣੋ' ਪਰਮੇਸ਼ਰ ਦਾ ਨਾਮ ਜਿਉਂ ਜਿਉਂ ਵਧਦਾ ਹੈ, ਤਿਉਂ ਤਿਉਂ ਵਧੀਕ ਖਿੱਚਦਾ ਹੈ ਅਰ ਆਪਣੇ ਆਪ ਨੂੰ ਵਿਸਿਮਰਣ ਨਹੀਂ ਹੋਣ ਦਿੰਦਾ।

**ਸਹਣ ਸੀਲ ਸੰਤੰ ਸਮ ਮਿਤ੍ਰਸ੍ਹ ਦੁਰਜਨਹ ॥ ਨਾਨਕ ਭੋਜਨ ਅਨਿਕ ਪ੍ਰਕਾਰੇਣ ਨਿੰਦਕ ਆਵਧ ਹੋਇ ਉਪਤਿਸਟਤੇ ॥੨੭।**

{ਸਮ = ਤੁੱਲ। ਆਵਧ = ਸ਼ਸਤ੍ਰ।
ਉਪਤਿਸਟਤੇ = ਖੜਾ ਹੋਵੇ। }

**ਅਰਥ**—ਸੰਤ ਸਹਨਸ਼ੀਲ (ਹੁੰਦੇ ਹਨ), ਵੈਰੀ ਤੇ ਮਿਤ੍ਰ (ਉਨ੍ਹਾਂ ਨੂੰ) ਇਕ ਸਮਾਨ ਹੁੰਦੇ ਹਨ। (ਭਾਵੇਂ ਕੋਈ) ਅਨੇਕ ਪ੍ਰਕਾਰ ਦੇ ਭੋਜਨ ਲੈਕੇ ਖੜਾ ਹੋਵੇ (ਭਾਵੇਂ ਕੋਈ) ਨਿੰਦਕ (ਹੋਵੇ,

Digitized by Panjab Digital Library | www.panjabdigilib.org

ਭਾਵੇਂ ਕੋਈ) ਸ਼ਸਤ੍ਰ (ਖਿੱਚਕੇ ਸਿਰ ਤੇ ਆ) ਖੜਾ ਹੋਵੇ।

**ਭਾਵ**—ਸੰਤਾਂ ਦੇ ਲੱਛਣ ਕਥਨ ਕਰਦੇ ਹਨ ਕਿ ਭਾਵੇਂ ਕੋਈ ਭੋਜਨ ਲੈਕੇ ਖੜਾ ਹੈ, ਭਾਵੇਂ ਕੋਈ ਸਿਰ ਲਾਹੁਣ ਨੂੰ ਖੜਾ ਹੈ, ਭਾਵੇਂ ਕੋਈ ਸਜਣ ਹੈ, ਭਾਵੇਂ ਕੋਈ ਵੈਰੀ ਹੈ, ਉਹ ਸਭ ਨੂੰ ਸਮ ਕਰ ਦੇਖਦੇ ਹਨ। ਕਿਸੇ ਨੂੰ ਪਿਆਰ ਜਾਂ ਵੈਰ ਨਾਲ ਨਹੀਂ ਦੇਖਦੇ। ਸੰਤ ਰਾਗ ਦ੍ਵੈਖ ਥੀਂ ਰਹਿਤ ਹੁੰਦੇ ਹਨ। ਜਿਹੜੇ ਸੰਤ ਕਹਾਉਂਦੇ ਹਨ ਤੇ ਸਮਦ੍ਰਿਸ਼ਟੀ ਨਹੀਂ ਰਖਦੇ, ਰਾਗ ਦ੍ਵੈਖ ਵਿਚ ਫਸ ਰਹੇ ਹਨ ਉਹ ਸੰਤ ਨਹੀਂ ਹਨ, ਉਹ ਸਗੋਂ ਸੰਤ ਨਾਮ ਲਈ ਕਲੰਕ ਹਨ। ਇਸ ਸਮਦ੍ਰਿਸ਼ਟੀ ਤੋਂ ਇਹ ਭਾਵ ਨਹੀਂ ਕਿ ਓਹ ਸੱਚੇ ਜਗਯਾਸੂ ਤੇ ਨਾਸਤਕ ਨਾਲ ਵਰਤਾਉ ਇਕੋ ਕਰਦ ਹਨ, ਵਰਤਾਉ ਤਾਂ ਉਹ ਯਥਾ ਅਧਿਕਾਰ ਅਗਲੇ ਦੇ ਲਾਭ ਹਿਤ ਕਰਦੇ ਹਨ, ਪਰ ਉਨ੍ਹਾਂ ਦੇ ਹਿਰਦੇ ਪੁਰ ਦੂਜੇ ਪੁਰਖਾਂ ਦਾ ਆਦਰ ਯਾ ਅਨਾਦਰ ਅਸਰ ਨਹੀਂ ਪੈਦਾ ਕਰਦਾ। ਉਨ੍ਹਾਂ ਦਾ ਚਿਤ ਅਡੋਲ ਆਪਣੇ ਅਨੰਦ ਵਿਚ ਰਹਿੰਦਾ ਹੈ ਅਰ ਆਪਣੇ ਅਨੰਦ ਤੋਂ ਵਿਪਰਜੈ ਨਹੀਂ ਹੁੰਦਾ, ਇਥੋਂ ਤਾਈਂ ਕਿ ਜਦ ਉਹ ਜਗਯਾਸੂ ਨਾਲ ਯਥਾ ਅਧਿਕਾਰ ਵਰਤਾਉ ਕਰਦੇ ਹਨ, ਤਦ ਬੀ ਉਨ੍ਹਾਂ ਦਾ ਚਿੱਤ ਆਪਣੀ ਅਡੋਲਤਾ ਵਿਚ ਇਕ ਰਸ ਹੁੰਦਾ ਹੈ। ਕਿਸੇ ਪੁਰਖ ਦੇ ਬਾਹਰਲੇ ਵਰਤਾਉ ਤੋਂ ਸੰਤ ਰੰਜ ਯਾ ਖੁਸ਼ ਨਹੀਂ ਹੁੰਦੇ, ਉਹ ਸਭ ਕਿਸੇ ਨਾਲ ਉਸ ਦੇ ਆਪਣੇ ਅਧਿਕਾਰ ਦੇ ਅਨੁਸਾਰ ਵਰਤਾਉ ਕਰਦੇ ਹਨ, ਆਪਣਾ ਆਪ ਸਦਾ ਅਸੰਗ ਰਖਦੇ ਹਨ।

**ਤਿਰਸਕਾਰ ਨਹ ਭਵੰਤਿ ਨਹ ਭਵੰਤ ਮਾਨ ਭੰਗਨਹ ॥ ਸੋਭਾ ਹੀਨ ਨਹ ਭਵੰਤਿ ਨਹ ਪੋਹੰਤਿ ਸੰਸਾਰ ਦੁਖਨਹ ॥ ਗੋਬਿੰਦ ਨਾਮ ਜਪੰਤਿ**

Digitized by Panjab Digital Library | www.panjabdigilib.org

# ਮਿਲਿ ਸਾਧ ਸੰਗਹ ਨਾਨਕ ਸੇ ਪ੍ਰਾਣੀ ਸੁਖ ਬਾਸਨਹ ॥੨੮॥

{ਤਿਰਸਕਾਰ = ਅਨਾਦਰ। ਭਵੰਤ = ਹੁੰਦਾ।}

**ਅਰਥ—**ਅਨਾਦਰ ਨਹੀਂ ਹੁੰਦਾ (ਸੰਤਾਂ ਦਾ) ਨਾ ਹੀ ਹੁੰਦਾ ਹੈ ਮਾਨ (ਉਨ੍ਹਾਂ ਦਾ) ਭੰਗ, ਨਾ ਹੀ ਹੁੰਦੇ ਹਨ (ਸੰਤ) ਸੋਭਾ ਹੀਨ, ਨਾ ਹੀ ਪੋਂਹਦਾ ਹੈ (ਉਨ੍ਹਾਂ ਨੂੰ) ਸੰਸਾਰ ਦਾ ਦੁਖ। (ਜੋ) ਗੋਬਿੰਦ ਦਾ ਨਾਮ ਜਪਦੇ ਹਨ, ਸਾਧੂਆਂ ਦੇ ਸੰਗ ਨਾਲ ਮਿਲਕੇ, ਕਹਿੰਦੇ ਹਨ (ਗੁਰੂ) ਨਾਨਕ ਉਹ ਪ੍ਰਾਣੀ ਸੁਖ ਵਿਚ ਵਸਦੇ ਹਨ।

**ਭਾਵ—**ਸੰਤਾਂ ਦੀ ਮਹਿਮਾਂ ਕਥਨ ਕਰਦੇ ਹਨ, ਕਿ ਉਨ੍ਹਾਂ ਦਾ ਅਨਾਦਰ, ਮਾਨ ਭੰਗ ਯਾ ਸ਼ੋਭਾ ਦਾ ਘਾਟਾ ਨਹੀਂ ਹੁੰਦਾ, ਗੱਲ ਕੀ ਉਨ੍ਹਾਂ ਨੂੰ ਸੰਸਾਰ ਦਾ ਕੋਈ ਦੁਖ ਨਹੀਂ ਪੋਂਹਦਾ, ਕਾਰਣ ਉਪਰਲੇ ੨੭ ਵੇਂ ਸਲੋਕ ਵਿਚ ਦੱਸ ਆਏ ਹਨ ਕਿ ਸੰਤ ਸਮਦ੍ਰਿਸ਼ਟਾ ਹੁੰਦੇ ਹਨ, ਵੈਰੀ ਸਜਣ ਨੂੰ ਤੁੱਲ ਸਮਝਦੇ ਹਨ। ਹੁਣ ਇਹ ਸਮਝਣਾ ਬਹੁਤ ਸੌਖਾ ਹੈ, ਕਿ ਜਿਨ੍ਹਾਂ ਦੀ ਦ੍ਰਿਸ਼ਟੀ ਸਮ ਹੈ, ਜਿਨ੍ਹਾਂ ਨੂੰ ਆਦਰ ਦੇਣ ਵਾਲਾ, ਸ਼ਸਤ੍ਰ ਮਾਰਨ ਵਾਲਾ ਇਕ ਦਿਸਦਾ ਹੈ, ਉਨ੍ਹਾਂ ਨੂੰ ਸੰਸਾਰ ਦਾ ਦੁਖ ਕਿਹੜਾ ਪੋਹ ਸਕਦਾ ਹੈ, ਅਰ ਕਿਹੜਾ ਅਨਾਦਰ ਉਨ੍ਹਾਂ ਨੂੰ ਦੁਖ ਦੇ ਸਕਦਾ ਹੈ? ਸਗੋਂ ਉਹ ਲੋਕ ਸਤਿਸੰਗਤ ਕਰਦੇ ਹਨ ਅਰ ਨਾਮ ਜਪਦੇ ਹਨ ਤੇ ਸੁਖ ਵਿਚ ਵਸਦੇ ਹਨ। ਇਉਂ ਭੀ ਅਰਥ ਕਰਦੇ ਹਨ ਕਿ ਉਹ ਸੁਖ ਦਾ ਪਾਤ੍ਰ ਹੁੰਦੇ ਹਨ। ਵਿਚਾਰ ਯੋਗ ਹੈ ਕਿ ਜੋ ਆਪ ਸੁਖ ਦਾ ਪਾਤ੍ਰ ਹਨ ਉਨ੍ਹਾਂ ਨੂੰ ਦੁਖ ਕਿੱਥੇ? ਇਥੇ ਸ਼ੰਕਾ ਫੁਰਦੀ ਹੈ ਕਿ ਮਹਾਤਮਾ ਦਾ ਅਨਾਦਰ ਤਾਂ ਅਕਸਰ ਲੋਕ ਕਰਦੇ ਹਨ; ਫੇਰ ਅਨਾਦਰ ਕਿਉਂ ਨਹੀਂ ਹੁੰਦਾ? ਇਸ ਦਾ ਭਾਵ ਇਹ ਹੈ ਕਿ ਲੋਕ ਪਏ ਕਰਨ,

Digitized by Panjab Digital Library | www.panjabdigilib.org

ਪਰ ਉਨ੍ਹਾਂ ਦਾ ਅਨਾਦਰ ਹੋ ਨਹੀਂ ਸਕਦਾ। ਜਿਕੁਰ ਚੰਦ ਵਲ ਕੋਈ ਪਿਆ ਥੁੱਕੇ, ਪਰ ਚੰਦ ਦਾ ਕੁਝ ਨਹੀਂ ਵਿਗੜਦਾ, ਇਸੇ ਪ੍ਰਕਾਰ ਸੰਤਾਂ ਦਾ ਹਿਰਦਾ ਇਕ ਰਸ ਰਹਿਣੇ ਤੇ ਉਨ੍ਹਾਂ ਦਾ ਅਨਾਦਰ ਨਹੀਂ, ਸਗੋਂ ਅਨਾਦਰ ਕਰਨੇ ਵਾਲਿਆਂ ਦਾ ਆਪਣਾ ਅਨਾਦਰ ਹੁੰਦਾ ਹੈ। ਸੰਤ ਤਾਂ ਸੰਸਾਰਕ ਸੁਖਾਂ ਦੁਖਾਂ ਦੇ ਬੰਧਨਾਂ ਤੋਂ ਪਰੇ ਹਨ।

**ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿਮ੍ਰਤਾਹ ॥ ਆਵਧਹ ਗੁਣ ਗੋਬਿੰਦ ਰਮਣੰ ਓਟ ਗੁਰ ਸਬਦ ਕਰ ਚਰਮਣਹ ॥ ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ ॥ ਬਿਚਰਤੇ ਨਿਰਭਯੰ ਸਤ੍ਰੂ ਸੈਨਾ ਧਾਯੰਤੇ ਗੋੁਪਾਲ ਕੀਰਤਨਹ ॥ ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸੰ ਕਰੋਤਿ ਪੰਚ ਤਸਕਰਹ ॥੨੯॥**

{ਸਮੂਹ = ਸਾਰੇ। ਅਜਿਤੰ = ਨਾ ਜਿਤਿਆ ਜਾਣੇ ਵਾਲਾ।}
{ਚਰਮਣਹ = ਢਾਲ।
ਆਰੂੜਤੇ = ਚੜ੍ਹਦੇ ਹਨ। ਅਸ੍ਵ = ਘੋੜੇ।}
{ਨਾਗਹ = ਹਾਥੀ। ਤਸਕਰ = ਚੋਰ।}

**ਅਰਥ**—ਸਾਰੇ ਸਾਧੂ ਨਾ ਜਿਤੇ ਜਾਣ ਵਾਲੇ ਸੂਰਮਿਆਂ ਦੀ ਸੈਨਾ ਹਨ (ਉਨ੍ਹਾਂ ਦੀ) ਨਿਮਰਤਾ ਸਰੀਰ ਦੀ ਸੰਜੋਅ ਹੈ, ਗੋਬਿੰਦ ਦੇ ਗੁਣਾਂ ਦਾ ਉਚਾਰਨਾ (ਉਨ੍ਹਾਂ ਦੇ) ਸ਼ਸਤਰ ਹਨ, ਗੁਰੂ ਦੇ ਸ਼ਬਦ ਦੀ ਢਾਲ (ਜੋ) ਹੱਥ ਲਈ ਹੈ ਸੋ ਓਟ ਹੈ। ਚੜ੍ਹਦੇ ਹਨ

Digitized by Panjab Digital Library | www.panjabdigilib.org

(ਸੰਤ) ਉਪਰ ਘੋੜਿਆਂ (ਸ਼੍ਰਵਨ), ਰਥਾਂ (ਮੰਨਣ), ਹਾਥੀਆਂ (ਨਿਧਜਾਸਨ) ਦੇ, (ਇਸ ਪ੍ਰਕਾਰ) ਲੱਭ ਲੈਂਦੇ ਹਨ ਪਰਮੇਸ਼ੁਰ ਦਾ ਰਸਤਾ। ਬੇਖੌਫ ਹੋਕੇ ਵਿਚਰਦੇ ਹਨ ਵੈਰੀਆਂ (ਵਿਕਾਰਾਂ) ਦੀ ਸੈਨਾ ਵਿਚ ਤੇ ਧਾਵਾ ਕਰਦੇ ਹਨ ਗੋਪਾਲ ਦੇ ਕੀਰਤਨ ਦਾ, ਇਸ ਧਾਵੇ ਨਾਲ ਜਿੱਤ ਲੈਂਦੇ ਹਨ ਸਾਰੇ ਸੰਸਾਰ ਨੂੰ (ਕਹਿੰਦੇ ਹਨ ਗੁਰੂ) ਨਾਨਕ ਪੰਜ ਚੋਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੂੰ ਵੱਸ ਕਰ ਲੈਂਦੇ ਹਨ।

**ਭਾਵ**—ਸੰਤਾਂ ਨੂੰ ਫੌਜ ਦੀ ਉਪਮਾ ਦੇਕੇ ਪਰਮਾਰਥ ਦੇ ਸ਼ਸਤ੍ਰ ਅਸਤ੍ਰ ਦੱਸੇ ਹਨ। ਭਾਵ ਇਹ ਦੱਸਣੇ ਦਾ ਹੈ ਕਿ ਸੰਤ ਮਾਲ੍ਹ ਪੂੜੇ ਖਾਣੇ ਦਾ ਨਾਮ ਨਹੀਂ। ਇਹ ਮਾਰਗ ਸੂਰਮਿਆਂ ਦੇ ਜੁੱਧ ਸਮਾਨ ਹੈ, ਜਿਸ ਵਿਚ ਖਤਰਾ ਹੈ ਤੇ ਬੜਾ ਕਠਨ ਕਾਰਜ ਹੈ, ਜੋ ਸਿਰੇ ਚਾੜ੍ਹਨਾ ਹੈ। ਸੋ ਇਹ ਕਾਰਜ ਉਪਰ ਲਿਖੇ ਗੁਣਾਂ ਦੇ ਧਾਰਨ ਕਰਨੇ ਤੇ ਸਿਰੇ ਚੜ੍ਹਦਾ ਹੈ। ਜੇ ਕੋਈ ਐਤਨੀ ਹਿੰਮਤ ਨਾ ਕਰੇ, ਤਦ ਉਹ ਸਾਧੂ ਨਹੀਂ, ਸਾਧੂ ਤਾਂ ਅਜਿਤ ਸੂਰਮੇ ਵਤ ਹੈ, ਜੋ ਸਾਰੇ ਵਿਘਨਾਂ ਨੂੰ ਉਲੰਘਕੇ ਪਰਮਾਰਥ ਦੀ ਪ੍ਰਾਪਤੀ ਨਿਸਚੇ ਕਰੇਗਾ ਅਰ ਪੰਜਾਂ ਸ਼ਤਰੂਆਂ ਤੋਂ ਕਦੇ ਹਾਰ ਨਹੀਂ ਖਾਏਗਾ, ਤਾਂਤੇ ਪਿਆਰਿਓ! ਇਸ ਪ੍ਰਕਾਰ ਸੰਸਾਰ ਬਨ ਨੂੰ ਲੰਘ ਕੇ ਆਤਮਕ ਵੈਰੀਆਂ ਪਰ ਫਤਹ ਪਾਓ।

**ਮ੍ਰਿਗ ਤ੍ਰਿਸਨਾ ਗੰਧਰਬ ਨਗਰੰ ਦ੍ਰੁਮ ਛਾਯਾ ਰਚਿ ਦੁਰਮਤਿਹ ॥ ਤਤਹ ਕੁਟੰਬ ਮੋਹੰ ਮਿਥ੍ਯਾ ਸਿਮਰੰਤਿ ਨਾਨਕ ਰਾਮ ਰਾਮ ਨਾਮਹ ॥੩੦॥**

{ਦ੍ਰੁਮ = ਬ੍ਰਿਛ। ਦੁਰਮਤਿਹ = ਹੇ ਖੋਟੀ ਬੁਧੀ ਵਾਲੇ!}

Digitized by Panjab Digital Library | www.panjabdigilib.org

**ਅਰਥ**—ਹੇ ਖੋਟੀ ਬੁਧੀ ਵਾਲੇ ! (ਕਿਉਂ) ਰਚ ਰਿਹਾ ਹੈਂ ਮ੍ਰਿਗ ਤ੍ਰਿਸ਼ਨਾ, ਗੰਧਰਬ ਨਗਰੀ ਤੇ ਬ੍ਰਿਛ ਦੀ ਛਾਯਾ ਵਿਖੇ ! ਤਿਵੇਂ ਹੀ ਕੁਟੰਬ ਦਾ ਮੋਹ ਝੂਠ ਹੈ (ਇਹ ਛਡ ਅਰ) ਪ੍ਰਭੂ ਦੇ ਨਾਮ ਨੂੰ ਸਿਮਰ (ਇਹ ਉਪਦਸ਼ ਕਰਦੇ ਹਨ ਗੁਰੂ) ਨਾਨਕ ਜੀ।

**ਭਾਵ**—ਮ੍ਰਿਗ ਤ੍ਰਿਸ਼ਨਾ ਦਾ ਜਲ ਰੇਤ ਥਲੇ ਵਿਚ ਤਪਤ ਦੁਪਹਿਰ ਦੇ ਵੇਲੇ ਪਿਆਸੇ ਯਾਤਰੂਆਂ ਨੂੰ ਦਿੱਸਿਆ ਕਰਦਾ ਹੈ, ਪਰ ਵਾਸਤਵ ਵਿਚ ਉੱਥੇ ਜਲ ਨਹੀਂ ਹੁੰਦਾ, ਰੇਤ ਦੀ ਝਲਕ ਪਾਣੀ ਦੀ ਡਲ੍ਹਕ ਮਾਰਦੀ ਹੈ। ਗੰਧਰਬ ਨਗਰੀ ਭੀ ਬੱਦਲਾਂ ਵਿਖੇ ਨਜ਼ਰ ਦੇ ਧੋਖੇ ਨਾਲ ਸ਼ਹਿਰ ਦਾ ਭਾਨ ਕਰਾਉਂਦੀ ਹੈ। ਤਾਤਪਰਜ ਇਹ ਕਿ ਜੋ ਵਾਸਤਵ ਵਿਚ ਅਸੱਤਿ ਹੈ ਉਸਨੂੰ ਸਤਿ ਕਰ ਦਿਖਾਲਦੀ ਹੈ। ਇਸੇ ਪ੍ਰਕਾਰ ਸੰਸਾਰ ਕੁਟੰਬ ਅਸਤਿ ਹੈ; ਪਰ ਮੋਹ ਇਸ ਨੂੰ ਸਤਿ ਭਾਨ ਕਰਾਉਂਦਾ ਹੈ। ਫੇਰ ਦੱਸਦੇ ਹਨ ਕਿ ਜੋ ਤੈਨੂੰ ਸੱਤਿ ਭਾਸ ਰਹੀ ਹੈ ਅਰ ਤੇਰੀ ਸਮਝ ਵਿਚ ਉਸ ਦੀ ਅਸੱਤਿਤਾ ਨਹੀਂ ਬੈਠਦੀ ਉਸ ਦੀ ਬਹੁਰੰਗੀ ਤਾਂ ਪ੍ਰਤੱਖ ਦੇਖ ਰਿਹਾ ਹੈਂ। ਜੈਸੇ ਬ੍ਰਿਛ ਦੀ ਛਾਯਾ ਸਵੇਰ ਨੂੰ ਕਿਤੇ, ਦੁਪਹਿਰ ਨੂੰ ਕਿਤੇ, ਸੰਝ ਨੂੰ ਕਿਤੇ ਹੁੰਦੀ ਹੈ, ਤਿਵੇਂ ਸੰਸਾਰਕ ਸਬੰਧ ਤੇ ਮੋਹ ਦੇ ਪਸਾਰੇ ਇਕ ਰਸ ਨਹੀਂ ਰਹਿੰਦੇ, ਕਦੇ ਹਰਖ, ਕਦੇ ਸੋਗ, ਕਦੇ ਅਪਦਾ, ਕਦੇ ਸੰਪਦਾ, ਕੋਈ ਗਲ ਦ੍ਰਿੜ੍ਹ ਨਹੀਂ। ਇਸ ਤੋਂ ਬੀ ਸਿੱਟਾ ਨਿਕਲਦਾ ਹੈ ਕਿ ਜੋ ਇਕ ਨਹੀਂ ਉਹ ਨਿੱਤ ਬੀ ਕਦੇ ਨਹੀਂ। ਫੇਰ ਅਨਿੱਤ ਵਿਚ ਫਸਕੇ ਜੋ ਕਰਤਾਰ ਤੋਂ ਬੇਮੁਖ ਹੋ ਰਿਹਾ ਹੈ ਇਸ ਦਾ ਕੀ ਲਾਭ ਹੈ ? ਇਸ ਮੋਹ ਨੂੰ ਦਿਲੋਂ ਛਡ ਅਰ ਇਸ ਦੀ ਥਾਂ ਅਕਾਲ ਪੁਰਖ ਦੇ ਨਾਮ ਨੂੰ ਵਾਸਾ ਦੇਹ।

**ਨਚ ਬਿਦਿਆ ਨਿਧਾਨ ਨਿਗਮੰ ਨਚ ਗੁਣਗ੍ਯ ਨਾਮ ਕੀਰਤਨਹ ॥ ਨਚ ਰਾਗ ਰਤਨ**

Digitized by Panjab Digital Library | www.panjabdigilib.org

## ਕੰਠੰ ਨਹ ਚੰਚਲ ਚਤੁਰ ਚਾਤੁਰਹ ॥ ਭਾਗ ਉਦਿਮ ਲਬਧੵੰ ਮਾਇਆ ਨਾਨਕ ਸਾਧ ਸੰਗਿ ਖਲ ਪੰਡਿਤਹ ॥੩੧॥

{ਨਚ = ਨਾ। ਨਿਗਮੰ = ਵੇਦ। ਖਲ = ਮੂਰਖ}

**ਅਰਥ**—ਨਾ ਵੇਦਾਂ ਦੀ ਵਿਦਯਾ ਦਾ ਖਜ਼ਾਨਾ, ਨਾ ਗੁਣਾਂ ਦੀ ਗਯਾਤਾ, ਨਾ ਨਾਮ ਦਾ ਕੀਰਤਨ, ਨਾ ਰਤਨ ਰੂਪੀ ਰਾਗ, ਨਾ (ਗਾਉਣੇ ਦਾ) ਕੰਠ, ਨਾ ਚੰਚਲ (ਵਿਹਾਰ ਵਿਚ), ਚਤਰ (ਵਿਦਯਾ ਵਿਚ), ਨਾ ਚਾਤਰ (ਪਰਮਾਰਥ ਦੀ ਕਰਨੀ ਵਿਚ), ਭਾਗ ਤੇ ਉੱਦਮ ਕਰਨੇ ਕਰਕੇ ਲੱਭਦੀ ਹੈ ਮਾਇਆ (ਵੀ ਤੇ) ਸਾਧਾਂ ਦਾ ਸੰਗ ਭੀ (ਜਿਸ ਕਰਕੇ) ਮੂਰਖ ਪੰਡਤ ਹੋ ਜਾਂਦਾ ਹੈ।

**ਭਾਵ**—ਬਹੁਤ ਸਾਰੇ ਗੁਣਾਂ ਨੂੰ ਗਿਣਕੇ ਗੁਰੂ ਸਾਹਿਬ ਕਥਨ ਕਰਦੇ ਹਨ ਕਿ ਜਿਸ ਵਿਚ ਇੰਨਾ ਘਾਟਾ ਹੋਵੇ, ਓਹ ਕੀ ਕਰੇ? ਫੇਰ ਆਪ ਹੀ ਕਹਿੰਦੇ ਹਨ ਜੇ ਭਾਗ ਤੇ ਉੱਦਮ ਦੋਵੇਂ ਰਲ ਜਾਣ ਤਦ ਜੇ ਤਾਂ ਪੁਰਖ ਮਾਇਆ ਦੀ ਇੱਛਾ ਕਰੇ ਤਾਂ ਮਾਇਆ ਪ੍ਰਾਪਤ ਹੋ ਜਾਂਦੀ ਹੈ। ਕਈ ਗਿਆਨੀ 'ਭਾਗ ਉਦਿਮ ਲਬਧੰ' ਦਾ ਅਰਥ ਕਰਦੇ ਹਨ ਕਿ ਜਦ ਭਾਗ ਉਦੇ ਹੁੰਦੇ ਹਨ ਤਦੋਂ ਲੱਭਦੀ ਹੈ ਮਾਇਆ ਭੀ ਤੇ ਭਗਤੀ ਭੀ। ਪਰੰਤੂ ਉਦਮ ਦਾ ਅਰਥ ਉਦੇ ਕਰਨਾ ਅਯੋਗ ਹੈ ਅਰ ਗੁਰੂ ਉਪਦੇਸ਼ 'ਮਨ ਕਰਹਲਾ' ਆਦੀ ਉੱਦਮ ਦੀ ਸਫਲਤਾ ਪ੍ਰਗਟ ਕਰਦੇ ਹਨ। ਅਰ ਗੁਰੂ ਉਪਦੇਸ਼ ਦਾ ਫਲਦਾਇਕ ਹੋਣਾ ਭੀ ਇਹੋ ਦੱਸਦਾ ਹੈ ਕਿ ਉਦਮ ਜ਼ਰੂਰੀ ਵਸਤੂ ਹੈ।

## ਕੰਠ ਰਮਣੀਯ ਰਾਮ ਰਾਮ ਮਾਲਾਂ ਹਸਤ ਊਚ

Digitized by Panjab Digital Library | www.panjabdigilib.org

# ਪ੍ਰੇਮ ਧਾਰਣੀ ॥ ਜੀਹ ਭਣਿਜੋ ਉਤਮ ਸਲੋਕ ਉਧਰਣੰ ਨੈਨ ਨੰਦਨੀ ॥੩੨॥

{ਰਮਣੀਯ = ਰਮਣਾ, ਜਪਨਾ । ਹਸਤ ਊਚ = ਗੋ ਮੁਖੀ ।
ਨੈਨ ਨੰਦਨੀ = ਮ ਯਾ ।}

**ਅਰਥ**—ਕੰਠ ਵਿਖੇ ਮਾਲਾ ਹੈ (ਕਿਹੜੀ ? ਉਤਰ:) ਰਾਮ ਰਾਮ ਦਾ (ਰਮਣ) ਉਚਾਰਨ ਕਰਨਾ, (ਜਾਂ ਰਮਣੀਕ ਵਾਹਿਗੁਰੂ ਨਾਮ) ਗੋ ਮੁਖੀ (ਜਿਸ ਵਿਚ ਮਾਲਾ ਫੇਰਦੇ ਹਨ ਕੀ ਹੈ ? ਉਤਰ:) ਪ੍ਰੇਮ ਦਾ ਧਾਰਨ ਕਰਨਾ । (ਨੈਨ ਨੰਦਨੀ) ਮਾਇਆ ਦਾ ਉਧਾਰਨ (ਕੀ ਹੈ ? ਉਤਰ:) ਜੀਭ ਦਵਾਰਾ ਉੱਤਮ ਸਲੋਕ (ਪਰਮੇਸ਼ੁਰ ਦੇ ਜੱਸ ਦਾ) ਕਥਨ ਕਰਨਾ ।

**ਭਾਵ**—ਕਈ ਐਉਂ ਭੀ ਭਾਵ ਕੱਢਦੇ ਹਨ ਕਿ ਰਾਮ ਰਾਮ ਜਪਣਾ ਗਲੇ ਦੀ ਮਾਲਾ ਵਤ ਹੈ, ਪ੍ਰੇਮ ਕਰਨਾ ਉਸ ਮਾਲਾ ਦੀ ਗੁਥਲੀ ਹੈ, ਜੀਭ ਕਰਕੇ ਜੋ ਗੁਣਾਨੁਵਾਦ ਕਰਨਾ ਹੈ ਇਸ ਕਰਕੇ ਅੱਖਾਂ ਨੂੰ ਅਨੰਦ ਦੇਣ ਵਾਲੀ ਮਾਇਆ ਤੋਂ ਉਧਾਰ ਪਾਈਦਾ ਹੈ । ਮੁਰਾਦ ਦੋਹਾਂ ਦੀ ਇਹ ਹੈ ਕਿ ਦਿਖਾਵੇ ਕਰਨੇ ਦੀ ਲੋੜ ਨਹੀਂ ਹੈ, ਧਾਰਨਾ ਹੋਣੀ ਚਾਹੀਏ । ਮਾਲਾ ਦੀ ਥਾਂ ਨਾਮ ਨੂੰ ਧਾਰਨ ਕਰਨਾ ਚਾਹੀਏ ਤੇ ਗੋਮੁਖੀ, ਜਿਸ ਵਿਚ ਹਥ ਪਾ ਕੇ ਮਾਲਾ ਫੇਰਦੇ ਹਨ, ਕੇਵਲ ਦਿਖਾਵਾ ਹੈ, ਉਸ ਦੀ ਥਾਂ ਪ੍ਰੇਮ ਨੂੰ ਧਾਰਨ ਕਰੋ । ਜੀਭ ਕਰਕੇ ਬੀ ਬ੍ਰਿਥਾ ਉਪਦੇਸ਼ ਨਾ ਕਰੋ । ਉੱਤਮ ਸਲੋਕ (ਗੁਰਬਾਣੀ) ਦਾ ਪਾਠ ਕਰੋ, ਤਦ ਤੁਸੀਂ ਉਧਾਰ ਨੂੰ ਪ੍ਰਾਪਤ ਹੋਵੋਗੇ, ਅਰ ਮਾਇਆ ਤੋਂ ਛੁਟ ਜਾਓਗੇ ।

# ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥ ਕੂਕਰਹ ਸੂਕਰਹ ਗਰਧਭਹ

Digitized by Panjab Digital Library | www.panjabdigilib.org

# ਕਾਕਹ ਸਰਪ ਨਹ ਤੁਲਿ ਖਲਹ ॥੩੩॥

{ਕੂਕਰ = ਕੁਤਾ। ਸੂਕਰ = ਸੂਰ। ਖਲ = ਮੂਰਖ।}

**ਅਰਥ**—ਜੋ ਪ੍ਰਾਣੀ ਗੁਰਮੰਤ੍ਰ ਤੋਂ ਖਾਲੀ ਹੈ, ਉਹ ਭ੍ਰਸ਼ਟ ਹੈ (ਉਸਦੇ) ਜਨਮ ਨੂੰ ਧ੍ਰਿਕਾਰ ਹੈ। ਉਹ ਮੂਰਖ ਕੁਤੇ, ਸੂਰ, ਖੋਤ, ਕਾਂ ਤੇ ਸਪ ਜਿਹਾ ਭੀ ਨਹੀਂ।

**ਭਾਵ**—ਇਸ ਦੇਸ਼ ਵਿਚ ਕੁਤੇ, ਸੂਰ, ਖੋਤੇ, ਕਾਂ, ਸੱਪ ਇਨ੍ਹਾਂ ਜਨੌਰਾਂ ਨੂੰ ਅਪਵਿਤ੍ਰ ਤੇ ਭ੍ਰਿਸ਼ਟ ਗਿਣਦੇ ਹਨ। ਜੋ ਗੁਰਮੰਤ੍ਰ ਤੋਂ ਖਾਲੀ ਹੈ ਉਹ ਇਨ੍ਹਾਂ ਤੋਂ ਬੀ ਨਿਕਾਰਾ ਹੈ। ਕਿਉਂਕਿ ਇਹ ਪਸ਼ੂ ਹਨ, ਓਹ ਮਨੁੱਖ ਹੈ, ਮਨੁੱਖਾ ਜਨਮ ਅਮੋਲਕ ਪਦਾਰਥ ਪਾ ਕੇ ਓਹ ਪਸ਼ੂ ਬ੍ਰਿਤੀ ਧਾਰਦਾ ਹੈ, ਤਾਂ ਕਿਉਂ ਉਨ੍ਹਾਂ ਤੋਂ ਮਾੜਾ ਨਾ ਹੋਇਆ? ਜੋ ਜਨਮ ਦੇ ਹੀ ਪਸ਼ੂ ਹਨ ਅਰ ਆਪਣੇ ਸੁਭਾਵ ਵਿਚ ਵਰਤਦੇ ਹਨ, ਸਗੋਂ ਉਨ੍ਹਾਂ ਵਿਚ ਗੁਣ ਹਨ, ਕੁੱਤਾ ਰਾਖੀ ਕਰਦਾ ਹੈ, ਨਿਮਕ ਹਲਾਲ ਹੈ, ਪਰ ਮੰਤ੍ਰ ਹੀਣ ਰੱਬ ਦਾ ਨਿਮਕ ਹਰਾਮ ਹੈ। ਸੂਰ ਗੰਦਗੀ ਸਾਫ ਕਰਕ ਪੌਣ ਨੂੰ ਮਲਨ ਨਹੀਂ ਹੋਣ ਦੇਂਦਾ, ਪਰ ਮੰਤ੍ਰ ਹੀਣ ਪਾਪਾਂ ਦਾ ਗੰਦ ਫੈਲਾਉਂਦਾ ਹੈ। ਖੋਤਾ ਮਨੁੱਖ ਦੀ ਸੇਵਾ ਕਰਦਾ ਹੈ ਤੇ ਸੈਂਕੜਿਆਂ ਦੀ ਭੀੜ ਵਿਚੋਂ ਮਾਲਕ ਨੂੰ ਪਛਾਣਦਾ ਹੈ, ਪਰ ਮੰਤ੍ਰ ਹੀਣ ਆਪਣੇ ਮਾਲਕ ਤੋਂ ਬੇਮੁਖ ਹੈ। ਕਾਂ ਆਪਣੇ ਤੇ ਆਪਣੀ ਜਾਤ ਦੇ ਭਲੇ ਕਰਨ ਲਈ ਮਸ਼ਹੂਰ ਹੈ, ਮੰਤ੍ਰ ਹੀਣ ਆਪਣਾ ਆਪ ਵੈਰੀ ਹੈ ਤੇ ਵਿਅਰਥ ਪਾਪਾਂ ਵਿਚ ਜਨਮ ਬਿਤਾ ਕੇ ਆਪਣੇ ਆਪ ਨੂੰ ਨਰਕਾਂ ਦਾ ਅਧਿਕਾਰੀ ਕਰਦਾ ਹੈ। ਸੱਪ ਮੰਤ੍ਰ ਨਾਲ ਕਾਬੂ ਆ ਜਾਂਦਾ ਹੈ ਅਰ ਆਪਣੇ ਸੁਭਾਵ ਨੂੰ ਦੁੱਧ ਪੀ ਕੇ ਬੀ ਨਹੀਂ ਛੱਡਦਾ, ਪਰ ਮੰਤ੍ਰ ਹੀਣ ਕਿਸੇ ਤਰ੍ਹਾਂ ਪਰਮੇਸ਼ਰ ਦੇ ਪਾਸੇ ਨਹੀਂ ਲੱਗ ਸਕਦਾ, ਉਸ ਨੇ ਮਨੁੱਖ ਹੋਕੇ ਮਨੁੱਖ ਜਨਮ ਦੇ ਧਰਮ ਨੂੰ ਸਫਲ ਨਹੀਂ ਕੀਤਾ।

Digitized by Panjab Digital Library | www.panjabdigilib.org

ਗੁਰਮੰਤ੍ਰ ਤੋਂ ਤਾਤਪਰਯ ਗੁਰਮੰਤ੍ਰ ਲੈ ਕੇ ਛਿੱਕੇ ਤੇ ਰੱਖ ਛੱਡਣਾ ਨਹੀਂ, ਜਾਂ ਕਿਸੇ ਬਾਵੇ ਅੱਗੇ ੧।) ਧਰਕੇ ਸਤਿਨਾਮ ਕੰਨ ਵਿਚ ਕਹਾਕੇ ਬੇਪਰਵਾਹ ਹੋ ਰਹਿਣਾ ਕਿ ਅਸਾਂ ਮੰਤ੍ਰ ਲੈ ਲਿਆ ਹੈ, ਨਹੀਂ ਹੈ, ਮੰਤ੍ਰ ਲੈਣ ਤੋਂ ਤਾਤਪਰਜ ਮੰਤ੍ਰ ਵਿਚ ਨਿਮਗਨ ਹੋ ਜਾਣੇ ਦਾ ਹੈ। ਜਿਨ੍ਹਾਂ ਨੇ ਲੈਕੇ ਫੇਰ ਛੱਡਿਆ ਨਹੀਂ ਤੇ ਜੋ ਲੈਕੇ ਸਹੇ ਵਾਂਗ ਸੌਂ ਰਹੇ ਉਹ ਕਿਸੇ ਕੰਮ ਨਹੀਂ ਹਨ।

**ਚਰਣਾਰਬਿੰਦ ਭਜਨੰ ਰਿਦਯੰ ਨਾਮ ਧਾਰਣਹ ॥ ਕੀਰਤਨੰ ਸਾਧ ਸੰਗੇਣ ਨਾਨਕ ਨਹ ਦ੍ਰਿਸਟੰਤਿ ਜਮਦੂਤਨਹ ॥ ੩੪ ॥**

{ਦ੍ਰਿਸਟੰਤਿ = ਦੇਖਦਾ}

**ਅਰਥ**—(ਜੋ) ਭਜਨ ਕਰਦਾ ਹੈ ਚਰਨਾਂ ਕਮਲਾਂ ਦਾ, (ਜੋ) ਹਿਰਦੇ ਵਿਚ ਧਾਰਦਾ ਹੈ ਨਾਮ ਨੂੰ, (ਜੋ) ਸਾਧਾਂ ਦੇ ਸੰਗ ਵਿਖੇ (ਪ੍ਰਭੂ ਦਾ) ਕੀਰਤਨ ਕਰਦਾ ਹੈ, (ਕਹਿੰਦੇ ਹਨ ਗੁਰੂ) ਨਾਨਕ (ਉਹ) ਜਮਦੂਤ ਨਹੀਂ ਦੇਖੇਗਾ।

**ਭਾਵ**—ਜੋ ਪੁਰਖ ਤਿੰਨ ਕਰਮ ਕਰਦਾ ਹੈ, ਅਰਥਾਤ ਜਿਹਵਾ ਦੁਆਰਾ ਨਾਮ ਜਪਦਾ ਹੈ, ਹਿਰਦੇ ਕਰਕੇ ਨਾਮ ਨੂੰ ਧਾਰਨ ਕਰਦਾ ਹੈ ਤੇ ਸੰਗਤ ਬੀ ਭਲੀ ਕਰਦਾ ਹੈ, ਉਹ ਜਮ ਦਾ ਦਰਸ਼ਨ ਨਹੀਂ ਕਰੇਗਾ, ਕਿਉਂਕਿ ਉਸਦਾ ਅੰਤਹਕਰਣ ਸ੍ਵਛ ਹੈ ਉਹ ਪਰਮੇਸ਼ਰ ਦਾ ਪਜਾਰਾ ਹੈ, ਉਸ ਨੂੰ ਜਮਦੂਤ ਕਦੇ ਦਿਖਾਈ ਨਹੀਂ ਦੇ ਸਕਦਾ, ਯਥਾ—"ਜਿਹ ਪੈਡੈ ਲੂਟੀ ਪਨਿਹਾਰੀ ॥ ਸੋ ਮਾਰਗੁ ਸੰਤਨ ਦੂਰਾਰੀ।" ਪੁਨਾ :—"ਦੂਰਿ ਰਹੀ ਉਹ ਜਨ ਤੇ ਬਾਟ ॥" ਜਮਦੂਤ ਤਾਂ ਕੇਵਲ ਉਨ੍ਹਾਂ ਪੁਰਖਾਂ ਲਈ ਹਨ ਕਿ ਜੋ ਸਾਰੀ ਉਮਰ ਕੁਕਰਮ ਕਰਦੇ ਰਹੇ ਅਰ ਮਾਇਆ ਵਿਖੇ ਬਿਰਤਿ

Digitized by Panjab Digital Library | www.panjabdigilib.org

ਖਿੰਡਾਈ ਰਖੀ, ਉਨ੍ਹਾਂ ਦੇ ਕੁਕਰਮ ਹੀ ਉਨ੍ਹਾਂ ਲਈ ਜਮਦੂਤ ਦਾ ਰੂਪ ਹਨ, ਪਰ ਭਜਨ ਕਰਨੇ ਵਾਲੇ ਨਾਮ ਰੂਪੀ ਸੁਰਗ ਵਿਚ ਜੀਉਂਦੇ ਹੀ ਵੜ ਬੈਠਦੇ ਹਨ, ਉਨ੍ਹਾਂ ਨੂੰ ਕੀ ਕਿਸੇ ਦੂਤ ਨੇ ਦਿਖਾਲੀ ਦੇਣੀ ਹੈ।

**ਨਚ ਦੁਰਲਭੰ ਧਨੰ ਰੂਪੰ ਨਚ ਦੁਰਲਭੰ ਸ੍ਵਰਗ ਰਾਜਨਹ ॥ ਨਚ ਦੁਰਲਭੰ ਭੋਜਨੰ ਬਿੰਜਨੰ ਨਚ ਦੁਰਲਭੰ ਸ੍ਵਛ ਅੰਬਰਹ ॥ ਨਚ ਦੁਰਲਭੰ ਸੁਤ ਮਿਤ੍ਰ ਭ੍ਰਾਤ ਬਾਂਧਵ ਨਚ ਦੁਰਲਭੰ ਬਨਿਤਾ ਬਿਲਾਸਹ ॥ ਨਚ ਦੁਰਲਭੰ ਬਿਦਿਆ ਪ੍ਰਬੀਣੰ ਨਚ ਦੁਰਲਭੰ ਚਤੁਰ ਚੰਚਲਹ ॥ ਦੁਰਲਭੰ ਏਕ ਭਗਵਾਨ ਨਾਮਹ ਨਾਨਕ ਲਬਧ੍ਹਿੰ ਸਾਧ ਸੰਗਿ ਕ੍ਰਿਪਾ ਪ੍ਰਭੰ ॥੨੫॥**

{ਨਚ = ਨਹੀਂ ਹੈ। ਦੁਰਲਭੰ = ਦੁਰਲਭ।
ਬਿੰਜਨ = ਖਾਣੇ। ਅੰਬਰਹ = ਕਪੜੇ।}

**ਅਰਥ**—ਨਹੀਂ ਹਨ ਦੁਰਲਭ ਧਨ ਤੇ ਰੂਪ, ਨਹੀਂ ਹਨ ਦੁਰਲਭ ਸੁਰਗ ਤੇ ਰਾਜ। ਨਹੀਂ ਹਨ ਦੁਰਲਭ ਭੋਜਨ ਤੇ ਖਾਣੇ, ਨਹੀਂ ਹਨ ਦੁਰਲਭ ਸੁੱਛ ਕਪੜੇ। ਨਹੀਂ ਹਨ ਦੁਰਲਭ ਪੁਤਰ, ਮਿਤਰ, ਭਰਾ ਤੇ ਸਾਕ, ਨਹੀਂ ਹਨ ਦੁਰਲਭ ਇਸਤ੍ਰੀ ਦੇ ਬਿਲਾਸ। ਨਹੀਂ ਹੈ ਦੁਰਲਭ ਵਿਦਯਾ ਵਿਚ ਪ੍ਰਬੀਨ ਹੋਣਾ, ਨਹੀਂ ਹੈ ਦੁਰਲਭ ਚਤੁਰ ਤੇ ਚਲਾਕ ਬਣਨਾ। ਇਕ ਪਰਮੇਸੁਰ ਦਾ ਨਾਮ ਦੁਰਲਭ ਹੈ (ਕਹਿੰਦੇ ਹਨ ਗੁਰੂ) ਨਾਨਕ (ਜੋ) ਸਾਧੂ ਦੇ ਸੰਗ ਅਰ ਪਰਮੇਸ਼ਰ

Digitized by Panjab Digital Library | www.panjabdigilib.org

ਦੀ ਕ੍ਰਿਪਾ ਕਰਕੇ ਮਿਲਦਾ ਹੈ।

**ਭਾਵ**—ਜਿਨ੍ਹਾਂ ਚੀਜ਼ਾਂ ਦੀ ਪ੍ਰਾਪਤੀ ਨੂੰ ਸੰਸਾਰ ਦੁਰਲਭ ਜਾਣਦਾ ਹੈ, ਯਥਾ—ਧਨ, ਰੂਪ, ਸੁਰਗ, ਰਾਜ, ਭੋਜਨ, ਕੱਪੜੇ, ਪੁਤਰ, ਮਿੱਤਰ, ਭਾਈ, ਸਾਕ, ਇਸਤ੍ਰੀ, ਵਿਦਯਾ ਵਿਚ ਨਿਪੁੰਨਤਾ, ਚਤੁਰਾਈ (ਚਰਚਾਵਾਦ ਵਿਖੇ) ਚਲਾਕੀ (ਵਿਹਾਰ ਵਿਖੇ) ਆਦਿ, ਪਰ ਗੁਰੂ ਜੀ ਕਹਿੰਦੇ ਹਨ ਇਹ ਦੁਰਲਭ ਨਹੀਂ ਹਨ, ਕਿਉਂਕਿ ਇਹ ਪਦਾਰਥ ਆਮ ਜੀਵਾਂ ਪਾਪੀ ਪੁੰਨੀ ਸਭ ਨੂੰ ਨਸੀਬ ਹੁੰਦੇ ਹਨ ਅਰ ਇਨ੍ਹਾਂ ਦਾ ਲੱਭਣਾ ਕੇਵਲ ਆਪਣੀ ਹਿੰਮਤ ਤੇ ਕਰਮਾ ਦੇ ਫਲ ਕਰਕੇ ਹੋ ਸਕਦਾ ਹੈ, ਪਰੰਤੂ ਅਕਾਲ ਪੁਰਖ ਦਾ ਨਾਮ ਸਭ ਤੋਂ ਦੁਰਲਭ ਹੈ। ਉਂਞ ਤਾਂ ਸਾਰ ਲੋਕ ਜਾਣਦੇ ਹਨ, ਪਰ ਉਨ੍ਹਾਂ ਨੂੰ ਪ੍ਰਾਪਤੀ ਨਹੀਂ ਹੋਈ, ਜਿਕੁਰ ਰੋਟੀ ਰੋਟੀ ਕਹਿੰਦੇ ਪੇਟ ਨਹੀਂ ਭਰਦਾ, ਰੋਟੀ ਅੰਦਰ ਪਹੁੰਚੇ ਤਾਂ ਢਿੱਡ ਭਰਦਾ ਹੈ; ਇਸੇ ਪ੍ਰਕਾਰ 'ਰਾਮ ਰਾਮ ਸਭੁ ਕੋ ਕਹੈ (ਪਰ) ਕਹਿਐ ਰਾਮੁ ਨ ਹੋਇ ॥' ਰਾਮ ਕਿਕੁਰ ਹੁੰਦਾ ਹੈ? 'ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥' ਕਹਿਣੇ ਕਰਕੇ, ਪੜ੍ਹਨੇ ਕਰਕੇ, ਸੁਨਣੇ ਕਰਕੇ, ਜਾਨਣ ਕਰਕੇ ਨਾਮ ਨਹੀਂ, ਜਿਸ ਨਾਮ ਨੂੰ ਗੁਰੂ ਜੀ ਕਹਿੰਦੇ ਹਨ ਓਹ ਨਾਮ ਇਕ ਲਹਿਲਹਾਉਂਦੇ ਬ੍ਰਿਛ ਵਤ ਹੈ ਜੋ ਹਿਰਦੇ ਸਥਲ ਤੋਂ ਫੁਟਦਾ, ਵਧਦਾ ਮੌਲਦਾ ਤੇ ਫੁਲ ਫਲ ਲਿਆਉਂਦਾ ਹੈ। ਸਰੀਰ ਉਸਦੇ ਸਾਏ ਹੇਠ ਸੁਖ ਪਾਉਂਦਾ, ਮਨ ਸ਼ਾਂਤ ਹੁੰਦਾ ਤੇ ਜੀਵਾਤਮਾਂ ਅਨੰਦ ਵਿਚ ਮਗਨ ਹੁੰਦਾ ਹੈ। ਐਸੀ ਅਮੋਲਕ ਚੀਜ਼ ਜ਼ਰੂਰੀ ਹੀ ਦੁਰਲਭ ਹੁੰਦੀ ਹੈ, ਜੇ ਕਦੇ ਦੁਰਲਭ ਨਾ ਹੁੰਦੀ, ਤਦ ਸਾਰ ਉਪਦੇਸ਼ਕ, ਗਿਆਨੀ ਤੇ ਕਥਤਾ ਤੇ ਵਕਤਾ, ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵੀ ਕੰਠ ਕਰ ਲਏ, ਸਾਰੇ ਹੀ ਸ਼ਾਂਤੀ ਦਾ ਸਰੋਵਰ ਦਿੱਸਦੇ, ਪਰ ਉਨ੍ਹਾਂ ਦੇ ਲੱਛਣ ਦੱਸਦੇ ਹਨ ਕਿ ਨਾਮ ਨਾਲ ਹਿਰਦੇ ਰੂਪੀ ਤਲਾ ਭਰੇ ਨਹੀਂ ਗਏ। ਅਨੇਕ ਸਾਧਨ

Digitized by Panjab Digital Library | www.panjabdigilib.org

ਕਰਨੇ ਵਾਲੇ ਜਪ ਤਪ ਧਿਆਨ ਵਿਚ ਖਚਿਤ ਪੁਰਖ ਨਾਮ ਤੋਂ ਖਾਲੀ ਦਿਸਦੇ ਹਨ, ਤਦੇ ਬੜੇ ਬੜੇ ਤੀਰਥ ਯਾਤਰੀ ਫੋਕੇ ਫਿਰਦੇ ਹਨ। ਤਿਨ੍ਹਾਂ ਲੱਛਣਾਂ ਤੋਂ ਦੁਰਲਭ ਹੈ, ਮਨ ਹਠ ਕਰਮਾਂ ਕਰਕੇ ਨਾਮ ਦੀ ਪ੍ਰਾਪਤੀ ਨਹੀਂ ਹੈ, ਇਹ ਨਿਰਮੋਲਕ ਪਦਾਰਥ ਕੇਵਲ ਅਕਾਲ ਪੁਰਖ ਦੀ ਕ੍ਰਿਪਾ ਕਰਕੇ ਪ੍ਰਾਪਤ ਹੁੰਦਾ ਹੈ। ਪਰ ਨਾਲ ਸਾਧੂ ਸੰਗ ਦੀ ਅਵੱਸ਼ਕਤਾ ਹੈ। ਪਰਮੇਸ਼ਰ ਕ੍ਰਿਪਾਲ ਹੁੰਦਾ ਹੈ, ਤਦ ਉਸਦੇ ਪਜ ਰੇ ਸੰਤ ਦਾ ਮੇਲ ਹੁੰਦਾ ਹੈ। ਪਜਾਰੇ ਸੰਤ ਦੀ ਕ੍ਰਿਪਾ ਹੁੰਦੀ ਹੈ ਤਾਂ ਨਾਮ ਪ੍ਰਾਪਤ ਹੁੰਦਾ ਹੈ। ਨਾਮ ਦੀ ਕ੍ਰਿਪਾ ਹੁੰਦੀ ਹੈ ਤਾਂ ਪਰਮੇਸ਼ਰ ਪ੍ਰਾਪਤ ਹੁੰਦਾ ਹੈ।

**ਜਤ ਕਤਹ ਤਤਹ ਦ੍ਰਿਸਟੰ ਸ੍ਵਰਗ ਮਰਤ ਪਯਾਲ ਲੋਕਹ ॥ ਸਰਬਤ੍ਰ ਰਮਣੰ ਗੋਬਿੰਦਹ ਨਾਨਕ ਲੇਪ ਛੇਪ ਨ ਲਿਪ੍ਯਤੇ ॥੩੬॥**

{ਮਰਤ = ਮਾਤ ਲੋਕ । ਰਮਣੰ = ਬਿਆਪਕ}

**ਅਰਥ**—ਜਿੱਥੇ ਕਿੱਥੇ (ਦੇਖੀਏ) ਉਥੇ ਹੀ ਦਿਸਦਾ ਹੈ (ਪਰਮੇਸ਼ੁਰ) ਸੁਰਗ, ਮਾਤ, ਪਤਾਲ ਲੋਕ (ਵਿਚ)। ਸਾਰੇ ਰਵ ਰਿਹਾ ਹੈ ਗੋਬਿੰਦ (ਪਰੰਤੂ ਕਹਿੰਦੇ ਹਨ ਗੁਰੂ) ਨਾਨਕ (ਕਿ ਓਹ) ਕਿਸੇ ਲੇਪ ਯਾ ਛਾਇਆ ਕਰ ਕੇ ਲਿਪਾਇਮਾਨ ਨਹੀਂ ਹੈ।

**ਭਾਵ**—ਅਕਾਲ ਪੁਰਖ ਦੀ ਵਿਆਪਕਤਾ ਤੇ ਆਪਣੀ ਦ੍ਰਿਸ਼ਟੀ ਦਾ ਕਥਨ ਕਰਦੇ ਹਨ ਕਿ ਜਿੱਧਰ ਦੇਖਦੇ ਹਾਂ ਭਾਵੇਂ ਉੱਪਰ ਭਾਵੇਂ ਹੇਠਾਂ, ਭਾਵੇਂ ਦੁਆਲੇ ਸਭ ਥਾਈਂ ਪਰਮੇਸ਼ੁਰ ਹੀ ਪਰਮੇਸ਼ਰ ਦਿਸਦਾ ਹੈ, ਕਾਰਣ ਇਹ ਹੈ ਕਿ ਉਹ ਸਾਰੇ ਰਵ ਰਿਹਾ ਹੈ, ਯਥਾ—'ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ

Digitized by Panjab Digital Library | www.panjabdigilib.org

ਪੇਖਿ ਨਾਨਕ ਬਿਗਸਾਈ ॥' ਪਰੰਤੂ ਵਿਆਪਕ ਸਾਰੇ ਹੋਕੇ ਫੇਰ ਆਪ ਅਤੀਤ ਹੈ, ਕਿਸੇ ਪਦਾਰਥ ਜਾਂ ਸ਼ਕਤੀ ਕਰ ਲਿਪਾਇ-ਮਾਨ ਨਹੀਂ. ਆਪ ਸਦੀਵ ਅਖੰਡ ਇਕ ਰਸ ਇਕ ਸਾਰ ਹੈ। ਕਿਤੇ ਬੱਝਾ ਹੋਇਆ ਨਹੀਂ, ਕਿਤੇ ਊਰਾ ਨਹੀਂ, ਕਿਤੇ ਵਿਸ਼ੇਸ਼ ਤੇ ਕਿਤੇ ਨਿਯੂਨ ਨਹੀਂ। ਇਹੋ ਉਸਦੀ ਸਰਬੱਗਤਾ ਅਰ ਵਡਿਆਈ ਹੈ।

**ਬਿਖਯਾ ਭਯੰਤਿ ਅੰਮ੍ਰਿਤੰ ਦ੍ਰੁਸਟਾਂ ਸਖਾ ਸ੍ਵਜਨਹ ॥ ਦੂਖੰ ਭਯੰਤਿ ਸੁਖੵੰ ਭੈ ਭੀਤੰ ਤ ਨਿਰਭਯਹ॥ ਥਾਨ ਬਿਹੂਨ ਬਿਸ੍ਰਾਮ ਨਾਮੰ ਨਾਨਕ ਕ੍ਰਿਪਾਲ ਹਰਿ ਹਰਿ ਗੁਰਹ ॥੩੭॥**

**ਅਰਥ**—(ਉਨ੍ਹਾਂ ਨੂੰ) ਜ਼ਹਿਰ, ਅੰਮ੍ਰਿਤ, ਵੈਰੀ, ਸੱਜਣ, ਦੁਖ, ਸੁਖ ਸਾਰੇ ਇਕ ਰੂਪ ਹਨ, ਡਰਾਉਣੀ (ਦਸ਼ਾ) ਤੋਂ ਨਿਰਭਯਤਾ ਹੋ ਜਾਂਦੀ ਹੈ, ਥਾਨ ਵਿਹੂਣਿਆ ਦਾ ਬਿਸਰਾਮ ਨਾਮ ਵਿਚ ਹੁੰਦਾ ਹੈ (ਕਹਿੰਦੇ ਹਨ ਗੁਰੂ) ਨਾਨਕ ਜਿਨ੍ਹਾਂ ਪੁਰ ਹਰੀ ਗੁਰੂ ਕ੍ਰਿਪਾਲ ਹੋ ਜਾਣ।

**ਭਾਵ**—ਪਰਮੇਸ਼ਰ ਅਰ ਗੁਰੂ ਦੀ ਕ੍ਰਿਪਾ ਜੇ ਹੋਵੇ ਤਦ ਐਸਾ ਪਾਸਾ ਉਲਟਦਾ ਹੈ ਕਿ ਸਭ ਬੁਰਿਆਈਆਂ ਨੇਕੀਆਂ ਹੋ ਜਾਂਦੀਆਂ ਹਨ, ਜ਼ਹਿਰ ਅੰਮ੍ਰਿਤ ਹੋ ਜਾਂਦੀ ਹੈ, ਭਾਵ ਜੋ ਪਦਾਰਥ ਮਾਰਨੇ ਵਾਲੇ ਹੁੰਦੇ ਹਨ ਉਹੋ ਜਿਵਾਉਣੇ ਵਾਲੇ ਹੋ ਜਾਂਦੇ ਹਨ, ਜਿਕੁਰ ਮਾਇਆ! ਜੋ ਮਾਇਆ ਵਿਚ ਪਲਚਦੇ ਹਨ, ਆਪਣ ਲਈ ਨਰਕ ਤਿਆਰ ਕਰਦੇ ਹਨ, ਪਰ ਜੋ ਗੁਰੂ ਪਰਮੇਸ਼ਰ ਦੀ ਕ੍ਰਿਪਾ ਦੇ ਪਾਤਰ ਹੋਏ ਹਨ ਓਹ ਉਸੇ ਵਿਖ ਰੂਪ ਮਾਇਆ ਨੂੰ ਪਰਮਾਰਥ ਪੁਰ ਲਾਉਂਦੇ ਹਨ, ਉਨ੍ਹਾਂ ਲਈ ਉਹ ਅੰਮ੍ਰਿਤ ਦਾ

Digitized by Panjab Digital Library | www.panjabdigilib.org

ਕੰਮ ਦਿੰਦੀ ਹੈ। ਕ੍ਰੋਧ ਆਦਿ ਜੋ ਜੀਵ ਦੇ ਸ਼ੱਤਰੂ ਹਨ ਫੇਰ ਓਹ ਸੱਜਣ ਹੋ ਜਾਂਦੇ ਹਨ, ਜੀਵ ਤੋਂ ਪਾਪ ਕਮਾਉਣੇ ਦੀ ਥਾਂ ਪੁੰਨ ਕਰਵਾਉਂਦੇ ਹਨ। ਦੁਖ ਜੋ ਹਨ ਸੋ ਸੁਖ ਹੋ ਜਾਂਦੇ ਹਨ। ਜੋ ਜੀਵ ਪਹਿਲੇ ਹਉਮੈ ਵਿਚ ਫਸਿਆ ਸੰਸਾਰਕ ਦੁਖਾਂ ਨੂੰ ਦੇਖ ਕੇ ਘਾਬਰਦਾ ਹੈ, ਫੇਰ ਉਨ੍ਹਾਂ ਤੋਂ ਵੈਰਾਗ ਪ੍ਰਾਪਤ ਹੁੰਦਾ ਹੈ, ਤਦ ਦੁਖ ਦੂਰ ਹੋਕੇ ਸੁਖ ਦਾ ਜਨਕ ਹੋ ਜਾਂਦਾ ਹੈ। ਭੈ ਤੋਂ ਨਿਰਭੈਤਾ ਹੋ ਜਾਂਦੀ ਹੈ। ਪਹਿਲੇ ਤਾਂ ਸੰਸਾਰ ਦੇ ਕਲੇਸ਼ਾਂ, ਆਪਣੇ ਪਾਪਾਂ ਅਰ ਜਮ ਮਾਰਗ ਦੇ ਦੁਖਾਂ ਤੋਂ ਥਰ ਥਰ ਕੰਬਦਾ ਹੈ, ਫੇਰ ਗੁਰੂ ਪਰਮੇਸ਼ਰ ਇਸ ਦੀ ਹਉਮੈ ਰੂਪੀ ਨਾੜ ਕਟ ਦੇਂਦੇ ਹਨ, ਤਦ ਇਸ ਨੂੰ ਕੋਈ ਭੈ ਨਹੀਂ ਰਹਿੰਦਾ, ਕਿਉਂਕਿ ਇਹ ਅਕਾਲ ਪੁਰਖ ਦਾ ਪ੍ਰੇਮੀ ਹੋਣੇ ਕਰਕੇ ਸਾਰਿਆਂ ਦੇ ਭੈ ਤੋਂ ਪਰੇ ਹੋ ਜਾਂਦਾ ਹੈ, ਜਿਕੁਰ ਪਤਿਬ੍ਰਤਾ ਪਤੀ ਦੇ ਸਾਏ ਹੇਠ ਕਿਸੇ ਤੋਂ ਨਹੀਂ ਡਰਦੀ, ਪਰ ਇਹ ਤਦ ਹੁੰਦਾ ਹੈ ਜਦ ਇਹ ਜੀਵ,ਜੋ ਸੰਕਲਪਾਂ ਵਿਕਲਪਾਂ ਦੀ ਹਨੇਰੀ ਅੱਗੇ ਉੱਡਦਾ ਨਿਥਾਵਾਂ ਤੇ ਨਿਘਰਾ ਹੋਇਆ ਹੋਇਆ ਸੀ, ਨਾਮ ਨੂੰ ਪ੍ਰਾਪਤ ਹੋਕੇ ਇਸ ਵਿਚ ਆਰਾਮ ਪਾ ਲੈਂਦਾ ਹੈ, ਨਹ. ਤਾਂ:—"ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ ॥"

**ਸਰਬ ਸੀਲ ਮਮੰ ਸੀਲੰ ਸਰਬ ਪਾਂਵਨ ਮਮ ਪਾਂਵਨਹ ॥ ਸਰਬ ਕਰਤਬ ਮਮੰ ਕਰਤਾ ਨਾਨਕ ਲੇਪ ਛੇਪ ਨ ਲਿਪ੍ਤੇ ॥੩੯॥**

{ਸੀਲ = ਸੀਤਲਤਾ। ਮਮੰ = ਮੇਰਾ।}

**ਅਰਥ**—ਸਰਬ (ਵਿਖੇ ਜੋ) ਸ਼ੀਲਤਾ ਹੈ (ਸੋ) ਮੇਰੀ ਸ਼ੀਲਤਾ ਹੈ, ਸਰਬ (ਵਿਖੇ ਜੋ) ਪਵਿਤ੍ਰਤਾ ਹੈ (ਸੋ) ਮੇਰੀ ਪਵਿਤ੍ਰਤਾ ਹੈ, ਸਰਬ (ਵਿਖੇ ਜੋ) ਕਰਨੇ ਯਗ ਕੰਮ ਹੈ ਉਸਦਾ ਕਰਤਾ ਮੈਂ ਹਾਂ

Digitized by Panjab Digital Library | www.panjabdigilib.org

(ਕਹਿੰਦੇ ਹਨ ਗੁਰੂ) ਨਾਨਕ (ਐਸੇ ਪਰਮੇਸ਼ਰ ਨੂੰ) ਲੇਪ ਤੇ ਛੇਪ ਲਿਪਾਇਮਾਨ ਨਹੀਂ ਕਰਦੇ।

**ਭਾਵ**--ਇਸਦਾ ਭਾਵ ਇਉਂ ਕਹਿੰਦੇ ਹਨ ਕਿ ਇਹ ਅਕਾਲ ਪੁਰਖ ਦਾ ਕਥਨ ਹੈ ਜਿਸ ਨੂੰ ਗੁਰੂ ਸਾਹਿਬ ਜੀ ਨੇ ਪ੍ਰਗਟ ਕੀਤਾ ਹੈ। ਕਈਆਂ ਦਾ ਇਹ ਖ਼ਿਆਲ ਹੈ ਕਿ ਏਹ ਗੁਰੂ ਨਾਨਕ ਜੀ ਨੂੰ ਵਰ ਹੋਇਆ ਸੀ ਕਿ ਤੇਰਾ ਸ਼ੀਲ ਮੇਰਾ ਹੋਵੇਗਾ, ਤੇ ਤੇਰੀ ਸਾਰੀ ਪਵਿੱਤ੍ਰਤਾ ਮੇਰੀ ਪਵਿੱਤ੍ਰਤਾ ਹੋਵੇਗੀ, ਤੇਰੇ ਸਾਰੇ ਕੰਮਾਂ ਦੇ ਕਰਨੇ ਵਾਲਾ ਮੈਂ ਹੋਵਾਂਗਾ। ਸੋ ਹੇ ਨਾਨਕ! ਤੈਨੂੰ ਕੋਈ ਲੇਪ ਯਾ ਛੇਪ ਨਹੀਂ ਲਗ ਸਕੇਗਾ। ਕਈ ਗੁਣੀ ਇਸ ਸਲੋਕ ਨੂੰ ਪ੍ਰਾਰਥਨਾਂ ਜਮਝਦੇ ਹਨ ਕਿ ਹੇ ਪਰਮੇਸ਼ਰ! ਤੂੰ ਜੋ ਸਭ ਨੂੰ ਸ਼ੀਲਤਾ ਦੇਣੇ ਵਾਲਾ ਹੈਂ ਮੈਨੂੰ ਬੀ ਦੇਹ, ਤੂੰ ਜੋ ਸਭ ਨੂੰ ਪਵਿਤ੍ਰਤਾ ਦੇਣੇ ਵਾਲਾ ਹੈਂ ਮੈਨੂੰ ਬੀ ਦੇਹ, ਤੂੰ ਸਭ ਦੇ ਕੰਮ ਕਰਦਾ ਹੈਂ (ਸੁਆਰਦਾ ਹੈਂ) ਮੇਰੇ ਬੀ ਸੁਆਰ, ਕਿਉਂਕਿ ਹੇ ਅਕਾਲ ਪੁਰਖ! ਤੈਨੂੰ ਕੋਈ ਲੇਪ ਛੇਪ ਨਹੀਂ ਲਗ ਸਕਦਾ।

**ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ ॥ ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ ॥੩੯॥**

{ ਚੰਦ੍ਰ ਦੇਵਹ = ਪ੍ਰਕਾਸ਼ਮਾਨ ਚੰਦ੍ਰਮਾਂ।
ਬਾਵਨ ਚੰਦਨਹ = ਇਕ ਪ੍ਰਕਾਰ ਦਾ ਚੰਦਨ। }

**ਅਰਥ**—ਪ੍ਰਕਾਸ਼ਮਾਨ ਚੰਦ੍ਰਮਾਂ ਠੰਢਾ ਨਹੀਂ ਹੈ, ਬਾਵਨ ਚੰਦਨ ਬੀ ਠੰਢਾ ਨਹੀਂ ਹੈ। ਨਾ ਹੀ ਸਿਆਲੇ ਦੀ ਰੁਤ ਠੰਢੀ ਹੈ, (ਕਹਿੰਦੇ ਹਨ ਗੁਰੂ) ਨਾਨਕ ਸਾਧੂ ਸ੍ਵਜਨ (ਪੁਰਖ ਹੀ) ਸੀਤਲ ਹਨ।

Digitized by Panjab Digital Library | www.panjabdigilib.org

**ਭਾਵ**—ਚੰਦ੍ਰਮਾਂ, ਬਾਵਨ ਚੰਦਨ ਤੇ ਸਿਆਲੇ ਦੀ ਰੁਤ ਤਿੰਨੇ ਠੰਢੇ ਪਦਾਰਥ ਮੰਨੇ ਹਨ; ਪਰ ਇਨ੍ਹਾਂ ਦੀ ਠੰਢਕ ਦਾ ਅਸਰ ਸਰੀਰ ਪਰ ਹੀ ਰਹਿੰਦਾ ਹੈ, ਮਨ ਦੀ ਅਗਨੀ ਨੂੰ ਸ਼ਾਂਤ ਨਹੀਂ ਕਰ ਸਕਦੇ, ਬਿਰਹੋਂ ਦੀ ਅੱਗ ਨੂੰ ਠੰਢਿਆਂ ਨਹੀਂ ਕਰ ਸਕਦੇ। ਐਸੀ ਸੀਤਲਤਾ ਜੋ ਮਨ ਪਰ ਅਸਰ ਕਰੇ ਕੇਵਲ ਸੰਤਾਂ ਪਾਸ ਹੈ। ਸੱਚੀ ਠੰਢਕ ਸੰਤਾਂ ਪਾਸੋਂ ਪ੍ਰਾਪਤ ਹੁੰਦੀ ਹੈ, ਕਿਉਂਕਿ ਉਨ੍ਹਾਂ ਦੇ ਸਤਿਸੰਗ ਕਰਨ ਤੇ ਪਾਪ ਦੂਰ ਹੁੰਦੇ ਹਨ, ਪ੍ਰੇਮ ਵਧਦਾ ਹੈ, ਪਰਮੇਸ਼ਰ ਮਿਲਦਾ ਹੈ, ਤਾਂਤੇ ਅਸਲ ਸੀਤਲ ਵਸਤੂ ਸੰਤ ਮਹਾਤਮਾਂ ਹਨ, ਜਿਨ੍ਹਾਂ ਪਾਸ ਸੀਤਲ ਕਰਨ ਵਾਲੀ ਨਾਮ ਦੀ ਬੂਟੀ ਹੁੰਦੀ ਹੈ।

**ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥ ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥ ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥ ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥ ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥ ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਿਾਗਿ ਸਗਲ ਰੇਣੁਕਹ ॥ ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥੪੦॥**

{ਬਿਵਰਜਿਤਹ = ਵਰਜ ਹੋਏ ਹਨ।
ਭਾਵਨੀ = ਸ਼ਰਧਾ। ਸ੍ਰੋਤਿ ਸ੍ਰਵਣੰ = ਕੰਨੀ ਸੁਣਦੇ।}

Digitized by Panjab Digital Library | www.panjabdigilib.org

**ਅਰਥ—**[੧] ਅਕਾਲ ਪੁਰਖ ਦੇ ਨਾਮ ਦਾ ਮੰਤ੍ਰ (ਜਪਦੇ ਹਨ, ਉਸ ਨੂੰ) ਸਾਰੇ ਪੂਰਨ ਜਾਣਕੇ ਉਸ ਦੀ (ਪੂਰਨਤਾ ਦਾ) ਧਿਆਨ (ਧਰਦੇ ਹਨ)। [੨] ਇਸ ਤੇ (ਇਹ) ਗਯਾਨ (ਧਾਰਨ ਹੁੰਦਾ ਹੈ ਕਿ) ਦੁਖ ਸੁਖ ਨੂੰ ਇਕ (ਕਰਕੇ ਜਾਣਦੇ ਹਨ) ਇਕ ਜਾਣਨੇ ਤੇ ਨਿਰਮਲ ਨਿਰਵੈਰੁ (ਪਰਮੇਸਰ) ਵਿਚ ਜੁੜ ਰਹਿੰਦੇ ਹਨ। [੩] ਸਭ ਜੀਆਂ ਪੁਰ ਦਿਆਲ ਰਹਿੰਦੇ ਹਨ, (ਕਿਉਂਕਿ) ਪੰਜ ਦੋਖਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਤੋਂ ਰਹਿਤ (ਹੁੰਦੇ ਹਨ)। [੪] ਪਰਮੇਸਰ ਦੇ ਜੱਸ ਦਾ ਭੋਜਨ (ਕਰਦੇ ਹਨ, ਕਿਉਂਕਿ) ਮਾਯਾ ਤੋਂ (ਐਸੇ) ਅਸੰਗ ਹੁੰਦੇ ਹਨ (ਜਿਕੁਰ) ਜਲ ਤੋਂ ਕਮਲ ਰਹਿਤ ਹੁੰਦਾ ਹੈ। [੫] ਸ਼ਤਰੂ ਤੇ ਮਿਤਰ ਨੂੰ ਇਕ ਸਮਾਨ ਉਪਦੇਸ਼ (ਕਰਦੇ ਹਨ, ਕਿਉਂਕਿ ਇਕ) ਪਰਮੇਸੁਰ ਦੀ ਭਗਤੀ ਵਿਚ ਸ਼ਰਧਾਵਾਨ (ਹੁੰਦੇ ਹਨ), [੬] ਪਰਾਈ ਨਿੰਦਾ ਕੰਨੀ ਨਹੀਂ ਸੁਣਦ, ਸਗੋਂ ਆਪਾ ਭਾਵ ਤਿਆਗਕੇ ਸਭ ਦੀ (ਧੂੜ ਹੁੰਦੇ ਹਨ), (ਇਹ) ਛੀ ਲਛਣ ਹਨ ਪੂਰਨ ਪੁਰਖ ਦੇ, ਜਿਸਨੂੰ (ਕਹਿੰਦੇ ਹਨ ਗੁਰੂ ਨਾਨਕ ਜੀ) ਸਾਧੂ ਸਜਨ ਨਾਮ (ਬਖਸ਼ਦੇ ਹਨ)।

**ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ ॥ ਤਤ੍ਰ ਗਤੇ ਸੰਸਾਰਹ ਨਾਨਕ ਸੋਗ ਹਰਖੰ ਬਿਆਪਤੇ ॥੪੧॥**

{ਅਜਾ = ਬੱਕਰੀ। ਕੰਦ ਮੂਲ = ਫਲ ਤੇ ਜੜ੍ਹਾਂ।<br>ਕੇਹਰਹ = ਸ਼ੇਰ।}

**ਅਰਥ—**ਬੱਕਰੀ (ਜੋ) ਖਾਂਦੀ (ਤਾਂ ਹੋਵੇ) ਕੰਦ ਮੂਲ, (ਪਰ) ਵਸਦੀ ਹੋਵੇ ਸ਼ੇਰ ਦੇ ਪਾਸ, ਉਹੋ ਜਿਹੀ ਹੈ ਗਤੀ ਸੰਸਾਰ ਦੀ (ਕਹਿੰਦੇ ਹਨ ਗੁਰੂ) ਨਾਨਕ, ਹਰਖ ਤੇ ਸੋਗ ਵਿਆਪਦਾ

Digitized by Panjab Digital Library | www.panjabdigilib.org

ਰਹਿੰਦਾ ਹੈ।

**ਭਾਵ**—ਬੱਕਰੀ ਜੋ ਫਲ ਫੂਲ ਖਾਂਦੀ ਹੈ ਅਰ ਸੁਤੰਤਰ ਵਸਦੀ ਹੈ ਉਹ ਆਪਣੇ ਅਨੰਦ ਵਿਚ ਚੰਗੀ ਪਲਦੀ ਰਹਿੰਦੀ ਹੈ, ਪਰ ਜਿਸ ਨੂੰ ਨਿੱਤ ਸ਼ੇਰ ਦਾ ਦਰਸ਼ਨ ਹੋ ਜਾਂਦਾ ਹੋਵੇ ਉਹ ਨਹੀਂ ਵਧਦੀ। ਕੰਦ ਮੂਲ ਖਾਣ ਤੇ ਪੁਸ਼ਟੀ ਸਰੀਰ ਨੂੰ ਹੁੰਦੀ ਹੈ, ਪਰ ਸ਼ੇਰ ਨੂੰ ਦੇਖਣ ਤੇ ਸਹਮ ਹੁੰਦਾ ਹੈ, ਉਸ ਨਾਲ ਸਰੀਰ ਖੀਣ ਹੋ ਜਾਂਦਾ ਹੈ। ਐਸੇ ਹੀ ਸੰਸਾਰ ਦਾ ਹਾਲ ਹੈ, ਅਨੇਕ ਜਤਨਾਂ ਕਰਕੇ ਜੀਵ ਨੂੰ ਖੁਸ਼ੀ ਹੁੰਦੀ ਹੈ ਸੋ ਦੁਖਾਂ ਦੇ ਪੈਣ ਤੇ ਦੂਰ ਹੋ ਜਾਂਦੀ ਹੈ, ਜੀਵ ਦਾ ਸੁਖ ਇਕ-ਰਸ ਕਾਇਮ ਨਹੀਂ ਰਹਿੰਦਾ।

**ਛਲੰ ਛਿਦ੍ਰੰ ਕੋਟਿ ਬਿਘਨੰ ਅਪਰਾਧੰ ਕਿਲ-ਬਿਖ ਮਲੰ॥ ਭਰਮ ਮੋਹੰ ਮਾਨ ਅਪਮਾਨੰ ਮਦੰ ਮਾਯਾ ਬਿਆਪਿਤੰ॥ ਮ੍ਰਿਤੁ ਜਨਮ ਭ੍ਰਮੰਤਿ ਨਰਕਹ ਅਨਿਕ ਉਪਾਵੰ ਨ ਸਿਧ੍ਯਤੇ॥ ਨਿਰਮਲੰ ਸਾਧ ਸੰਗਹ ਜਪੰਤਿ ਨਾਨਕ ਗੋਪਾਲ ਨਾਮੰ॥ ਰਮੰਤਿ ਗੁਣ ਗੋਬਿੰਦ ਨਿਤ-ਪ੍ਰਤਹ ॥੪੨॥**

{ਛਲੰ ਛਿਦ੍ਰੰ = ਖੋਟ, ਖੋਟਾ।
ਕਿਲਬਿਖ = ਪਾਪ। ਮਦ = ਹੰਕਾਰ।}

**ਅਰਥ**—ਛਲ (ਕਰਕੇ), (ਹੋਰਨਾਂ ਦੇ) ਦੋਸ਼ ਦੇਖਣੇ (ਕਰਕੇ) ਕ੍ਰੋੜ ਬਿਘਨਾਂ (ਦੇ ਪੈਣੇ ਜਾਂ ਆਪ ਪਾਉਣੇ ਕਰਕੇ), ਅਪ੍ਰਾਧੀ (ਜੀਵ ਐਸੇ ਅਨੇਕਾਂ) ਪਾਪਾਂ ਕਰਕੇ ਮਲੀਨ (ਹੋ ਰਿਹਾ

Digitized by Panjab Digital Library | www.panjabdigilib.org

ਹੈ), ਭਰਮ (ਕਰਕੇ), ਮੋਹ (ਕਰਕੇ), ਮਾਨ (ਕਰਕੇ), ਅਪਮਾਨ (ਕਰਕੇ ਤੇ) ਮਾਇਆ ਦੇ ਮਦ ਕਰਕੇ (ਜੀਵ ਨੂੰ) ਵਜਾਪ ਰਹੇ ਹਨ (ਅਗ ਲਿਖੇ ਦੁਖ):-ਮਰਨਾ, ਜੰਮਣਾ, ਨਰਕਾਂ ਵਿਚ ਰੁਲਣਾ, ਜਿਨ੍ਹਾਂ ਤੋਂ ਅਨੇਕਾਂ ਉਪਾਵਾਂ ਕਰਕੇ ਬੀ ਸਿਧ (ਨਿਰਮਲ, ਸੁਧ) ਨਹੀਂ ਹੁੰਦਾ, ਨਿਰਮਲ (ਤਾਂ ਕੇਵਲ) ਸਾਧਾਂ ਦੇ ਸੰਗ ਕਰਕੇ (ਅਰ) ਗੋਬਿੰਦ ਦੇ ਗੁਣਾਂ ਨੂੰ ਸਦੀਵ ਰਮਣ ਕਰਨੇ ਕਰਕੇ (ਹੋ ਸਕਦਾ ਹੈ) ਨਾਨਕ (ਗੁਰੂ ਜੀ ਕਹਿੰਦੇ ਹਨ)।

**ਭਾਵ**—ਇਸ ਵਿਚ ਗੁਰੂ ਜੀ ਨੇ ਜੀਵ ਦੀਆਂ ਤਿੰਨ ਅਵਸਥਾਂ ਕਥਨ ਕੀਤੀਆਂ ਹਨ :-ਪਹਿਲੀ, ਜੋ ਪਾਪਾਂ ਕਰਕੇ ਹੋ ਜਾਂਦੀ ਹੈ; ਦੂਜੀ ਉਸਦਾ ਫਲ ਜੋ ਦੁੱਖ ਪੈਂਦੇ ਹਨ ਨਰਕ ਭੋਗਣਾ ਜੰਮਣਾ ਤੇ ਮਰਨਾ ਤੇ ਤੀਜੀ ਵਿਚ ਇਸ ਤੋਂ ਛੁਟਣੇ ਦਾ ਉਪਾਵ ਹੈ। ਛਲ, ਧੋਖਾ ਦੇਣਾ ਦੂਸਰੇ ਨੂੰ, ਯਾ ਆਪਣੇ ਆਪ ਨੂੰ; ਛਿਦ੍ਰ ਕਹਿੰਦੇ ਹ ਲੋਕਾਂ ਦੇ ਔਗੁਣ ਸੰਗ੍ਰਹ ਕਰਨੇ; ਅਨੇਕ ਤਰ੍ਹਾਂ ਦੇ ਵਿਘਨ ਪਾਪ ਤੇ ਅਪ੍ਰਾਧ ਇਹ ਸਭ ਜੀਵ ਨੂੰ ਮਲੀਨ ਕਰਦੇ ਹਨ ਅਰ ਵਾਸ਼ਨਾ ਦੇ ਜਾਲ ਵਿਚ ਬੱਧਾ ਜੀਵ ਮੁੜ ਜੰਮਦਾ, ਮਰਦਾ ਤੇ ਨਰਕ ਭੋਗਦਾ ਰਹਿੰਦਾ ਹੈ ਅਰ ਕਦੇ ਨਹੀਂ ਛੁੱਟਦਾ। ਇਸ ਤੋਂ ਬਚਣੇ ਦਾ ਉਪਾਵ ਗੁਰੂ ਜੀ ਇਹ ਦੱਸਦੇ ਹਨ ਕਿ ਸੰਤਾਂ ਦਾ ਸੰਗ ਕਰਨਾ ਚਾਹੀਏ। ਸੰਤਾਂ ਦੇ ਸੰਗ ਤੋਂ ਦੋ ਗੱਲਾਂ ਪ੍ਰਾਪਤ ਹੁੰਦੀਆਂ ਹਨ—ਪਰਮੇਸ਼ਰ ਦਾ ਨਾਮ ਜਪਣਾ ਤੇ ਉਸਦੇ ਗੁਣ ਗਾਉਣੇ। ਇਨ੍ਹਾਂ ਦੋਹਾਂ ਦਾ ਫਲ ਇਹ ਹੁੰਦਾ ਹੈ ਕਿ ਪਾਪਾਂ ਦੀ ਮੈਲ ਦੂਰ ਹੋ ਕੇ ਨਿਰਮਲਤਾਈ ਹੋ ਜਾਂਦੀ ਹੈ ਯਥਾ—"ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ" ॥ ਜਦ ਮੈਲ ਦੂਰ ਹੋ ਗਈ ਤਦ ਪਰਮੇਸ਼ਰ ਕਿਤੇ ਦੂਰ ਨਹੀਂ ਹੈ, ਝਟ ਪਟ ਮਿਲਾਪ ਹੋ ਜਾਂਦਾ ਹੈ।

Digitized by Panjab Digital Library | www.panjabdigilib.org

**ਤਰਣ ਸਰਣ ਸੁਆਮੀ ਰਮਣ ਸੀਲ ਪਰਮੇਸੁਰਹ ॥ ਕਰਣ ਕਾਰਣ ਸਮਰਥਹ ਦਾਨੁ ਦੇਤ ਪ੍ਰਭੁ ਪੂਰਨਹ ॥ ਨਿਰਾਸ ਆਸ ਕਰਣੰ ਸਗਲ ਅਰਥ ਆਲਯਹ ॥ ਗੁਣ ਨਿਧਾਨ ਸਿਮਰੰਤਿ ਨਾਨਕ ਸਗਲ ਜਾਚੰਤ ਜਾਚਿਕਹ ॥੪੩॥**

{ਤਰਣ=ਤਰੀਦਾ ਹੈ। ਆਲਯਹ=ਘਰ।
ਜਾਚੰਤ=ਮੰਗਦੇ ਹਨ। ਜਾਚਕਹਿ=ਮੰਗਤੇ}

**ਅਰਥ**—(ਉਸ) ਸੁੰਦਰ ਸੁਆਮੀ ਪਰਮੇਸ਼ਰ ਦੀ ਸ਼ੀਲ ਸ਼ਰਨ (ਲੈਣ ਕਰਕੇ) ਤਰੀਦਾ ਹੈ ਜੋ ਕਰਨ ਕਰ ਉਣ ਨੂੰ ਸਮਰੱਥ ਹੈ, ਪ੍ਰਭੂ (ਹੈ), ਪੂਰਨ (ਹੈ ਤੇ) ਦਾਨ ਦੇਣੇ ਵਾਲਾ (ਹੈ), ਨਿਰਾਸਾਂ ਦੀ ਆਸ ਪੂਰਨ ਕਰਨੇ ਵਾਲਾ ਹੈ, ਸਾਰੇ ਅਰਥਾਂ ਦਾ ਘਰ ਹੈ। ਗੁਣਾਂ ਦਾ ਸਮੁੰਦਰ ਹੈ, (ਗੁਰੂ) ਨਾਨਕ ਸਿਮਰਦੇ ਹਨ (ਉਸਨੂੰ, ਜਿਸ ਤੋਂ) ਸਾਰੇ ਜਾਚਕ (ਦਾਨ) ਮੰਗਦੇ ਹਨ।

**ਭਾਵ**—ਅਕਾਲ ਪੁਰਖ ਦੀ ਸਰਬ ਸਮਰੱਥਾ ਅਰ ਦਾਤਾਰਤਾ ਦਾ ਕਥਨ ਕਰਦੇ ਹਨ ਅਰ ਜੀਵਾਂ ਦੀ ਯਾਚਨਾ ਦੱਸਦੇ ਹਨ। ਉਧਾਰ ਦਾ ਨਮਿਤ ਦਸਦੇ ਹਨ ਕਿ ਉਸ ਸੁਆਮੀ ਦੀ ਸ਼ਰਣ ਪੈਣਾ ਹੀ ਤਰਨੇ ਦਾ ਕਾਰਨ ਹੈ, ਹੋਰ ਕੋਈ ਰਸਤਾ ਨਹੀਂ ਹੈ ਤਾਂਤੇ ਹੋਰ ਪਖੰਡਾਂ ਤੋਂ ਬਚੋ।

**ਦੁਰਗਮ ਸਥਾਨ ਸੁਗਮੰ ਮਹਾ ਦੂਖ ਸਰਬ ਸੂਖਣਹ ॥ ਦੁਰਬਚਨ ਭੇਦ ਭਰਮੰ ਸਾਕਤ ਪਿਸਨੰਤ ਸੁਰਜਨਹ ॥ ਅਸਿਥੰ ਸੋਗ ਹਰਖੰ**

Digitized by Panjab Digital Library | www.panjabdigilib.org

## ਭੈ ਖੀਣੰਤ ਨਿਰਭਵਹ ॥ ਭੈ ਅਟਵੀਅੰ ਮਹਾ ਨਗਰ ਬਾਸੰ ਧਰਮ ਲਖੵਣ ਪ੍ਰਭ ਮਇਆ ॥ ਸਾਧ ਸੰਗਮ ਰਾਮ ਰਾਮ ਰਮਣੰ ਸਰਣਿ ਨਾਨਕ ਹਰਿ ਹਰਿ ਦਯਾਲ ਚਰਣੰ ॥੪੪॥

{ਦੁਰਗਮ = ਔਖਾ । ਸੁਗਮੰ = ਸੌਖਾ ।}
{ਅਟਵੀਅੰ = ਬਨ, ਜੰਗਲ । ਮਇਆ = ਕ੍ਰਿਪਾ ।}

**ਅਰਥ**—(ਜਿਨ੍ਹਾਂ) ਸਥਾਨਾਂ ਤੇ ਪਹੁੰਚਣਾ ਕਠਨ ਹੈ (ਓਹ) ਸੌਖੇ ਹੋ ਜਾਂਦੇ ਹਨ, ਭਾਰੇ ਦੁਖ ਪੂਰੇ ਸੁਖ ਹੋ ਜਾਂਦੇ ਹਨ। ਖੋਟੇ ਬਚਨ, ਭੇਦ, ਭਰਮ, ਦੁਸ਼ਟ, ਚੁਗਲ (ਸਭ) ਭਲੇ ਹੋ ਜਾਂਦੇ ਹਨ। ਸੋਗ ਹਰਖ (ਦੀਆਂ ਹਾਲਤਾਂ )ਖਤਮ ਹੋ ਜਾਂਦੀਆਂ ਹਨ, ਭੈ ਦੂਰ ਹੋ ਜਾਂਦਾ ਹੈ ਤੇ ਬੇਡਰ ਹੋ ਜਾਂਦਾ ਹੈ। ਭੈਦਾਇਕ ਜੰਗਲ (ਸੰਸਾਰ) ਵਡੇ ਵਸੇ ਹੋਏ ਨਗਰ ਵਾਂਙ ਹੋ ਜਾਂਦਾ ਹੈ, (ਇਹ) ਧਰਮ ਦੇ (ਉਦੇ ਹੋਣ ਦੇ) ਲੱਛਣ ਹਨ, ਜੋ ਪ੍ਰਭੂ ਦੀ ਕਿਰਪਾ ਕਰਕੇ ਪ੍ਰਾਪਤ ਹੁੰਦੇ ਹਨ।ਉਸਨੂੰ ਜੋ ਸਾਧਾਂ ਦੇ ਸੰਗ ਕਰਕੇ ਅਕਾਲ ਪੁਰਖ ਦਾ ਰਮਣਾ ਤੇ ਦਿਆਲੂ ਹਰੀ ਦੀ ਚਰਣ ਸ਼ਰਣ ਲੈਂਦਾ ਹੈ,(ਕਹਿੰਦੇ ਹਨ ਗੁਰੂ) ਨਾਨਕ ।

**ਭਾਵ**—ਗੁਰੂ ਜੀ ਇਥੇ ਧਰਮ ਦੇ ਚਿੰਨ੍ਹ ਦੱਸਦੇ ਹਨ ਕਿ ਜਦ ਜੀਵ ਸਾਧਾਂ ਦੀ ਸੰਗਤ ਕਰਕੇ ਅਕਾਲ ਪੁਰਖ ਦੇ ਨਾਮ ਨੂੰ ਪ੍ਰਾਪਤ ਹੁੰਦਾ ਹੈ ਅਰ ਪਰਮੇਸ਼ੁਰ ਦੀ ਸ਼ਰਣ ਨੂੰ ਪਹੁੰਚ ਪੈਂਦਾ ਹੈ, ਤਦੋਂ ਉਸ ਦੇ ਇਹ ਲੱਛਣ ਹੁੰਦੇ ਹਨ :—ਕਠਨ ਸਥਾਨ ਸੁਰਗ ਬੈਕੁੰਠ ਆਦਿ ਸੌਖੇ ਹੋ ਜਾਂਦੇ ਹਨ, ਸਭ ਪ੍ਰਕਾਰ ਦੇ ਦੁਖ ਆਧਿ ਬਿਆਧਿ ਉਪਾਧਿ ਦੂਰ ਹੋਕੇ ਸੁਖ ਹੋ ਜਾਂਦੇ ਹਨ,

Digitized by Panjab Digital Library | www.panjabdigilib.org

ਨਿੰਦਕਾਂ ਦੇ ਖੋਟੇ ਬਚਨ ਬੁਰੇ ਨਹੀਂ ਲਗਦੇ, ਭੇਦ ਬਿਰਤੀ ਨਹੀਂ ਰਹਿੰਦੀ, ਕੋਈ ਓਪਰਾ ਵੈਰੀ ਨਹੀਂ ਭਾਸਦਾ, ਸਭ ਸੱਜਣ ਦਿੱਸਦੇ ਹਨ, ਭਰਮ ਨਹੀਂ ਰਹਿੰਦਾ ਸਾਕਤ ਤੇ ਚੁਗਲ ਸਭ ਭਲੇ ਲਗਦੇ ਹਨ, ਸੋਗ ਹਰਖ ਦੂਰ ਹੋ ਜਾਂਦਾ ਹੈ, ਭੈ ਨਾਸ਼ ਹੋਕੇ ਨਿਰਭੈ ਹੋ ਸੰਸਾਰ ਬੁਰਾ ਨਹੀਂ ਲਗਦਾ, ਸਗੋਂ ਸਾਰੇ ਅਕਾਲ ਪੁਰਖ ਦੀ ਕਾਰਾਗਰੀ ਤੇ ਵਿਆਪਕਤਾ ਹੀ ਦਿੱਸ ਪੈਂਦੀ ਹੈ। ਇਸ ਦਾ ਇਹ ਭਾਵ ਨਹੀਂ ਕਿ ਵਰਤਾਉ ਇਹ ਕਰ ਲੈਂਦੇ ਹਨ। ਪਰ ਇਸ ਦੀ ਖਿਮਾਂ ਬਿਰਤੀ ਹੋ ਜਾਂਦੀ ਹੈ।

**ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ ॥ ਗਣ ਗੰਧਰਬ ਦੇਵ ਮਾਨੁਖੵੰ ਪਸੁ ਪੰਖੀ ਬਿਮੋਹਨਹ ॥ ਹਰਿ ਕਰਣਹਾਰੰ ਨਮਸਕਾਰੰ ਸਰਣਿ ਨਾਨਕ ਜਗਦੀਸ੍ਵਰਹ ॥੪੫॥**

ਅਜਿਤ = ਨਾ ਜਿੱਤੇ ਜਾਣ ਵਾਲੇ।
ਸੰਗ੍ਰਾਮੰ = ਜੁੱਧ। ਬਲਨਾ = ਬਲਵਾਨ।
ਮਰਦਨਹ = ਨਾਸ਼ ਕਰਨੇ ਵਾਲੇ। ਗਣ = ਸਮੂਹ।

**ਅਰਥ**—ਹੇ ਨਾ ਜਿੱਤੇ ਜਾਣ ਵਾਲੇ ਜੁੱਧ ਦੇ ਸੂਰਮੇ, ਬਹੁਤ ਬਲੀ (ਤੇ) ਬਹੁਤਿਆਂ ਦੇ ਮਰਦਨ ਕਰਨ ਵਾਲੇ! ਗਣ, ਗੰਧਰਬ, ਦੇਵਤੇ, ਮਨੁੱਖ, ਪਸੂ, ਪੰਛੀ ਆਦਿ ਨੂੰ ਮੋਹ ਲੈਣੇ ਵਾਲੇ, ਰਚਣਹਾਰ ਹਰੀ ਨੂੰ ਨਮਸਕਾਰ ਹੈ। (ਗੁਰੂ) ਨਾਨਕ (ਉਸ) ਜਗਦੀਸ਼ੂਰ ਦੀ ਸ਼ਰਣ ਹਨ।

(ਬਾਕੀ ਅਗਲੀ ਵਾਰ)

Digitized by Panjab Digital Library | www.panjabdigilib.org

REGISTERED NO. P. 201

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

—o—

"ਨਿਰਗੁਨੀਆਰੇ ਗੁਨੁ ਨਹੀ ਕੋਈ॥
ਤੁਮ ਦਾਨੁ ਦੇਹੁ ਮਿਹਰਵਾਨਾ ॥

ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਦਾ

ਮਾਸਕ-ਪੱਤ੍ਰ

# ਨਿਰਗੁਣੀਆਰਾ

ਜਿ: ੬੯ ]　　੧੫ ਅਪਰੈਲ ੧੯੭੧　　[ਨੰ: ੪

ਟ੍ਰੈਕਟ ਨੰ: ੧੩੮੪

## ਸਲੋਕ ਸਹਸਕ੍ਰਿਤੀ ਸਟੀਕ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਟੀਕਾ ਕ੍ਰਿਤ

(ਭਾਗ ੩)

ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ

Digitized by Panjab Digital Library | www.panjabdigilib.org

# ਖ਼ਬਰਾਂ

ਨਵੀਂ ਦਿੱਲੀ—ਪੂਰਬੀ ਪਾਕਸਤਾਨ ਵਿਚ ਪੱਛਮੀ ਪਾਕਸਤਾਨ ਦੀ ਮਾਰਸ਼ਲ ਦਾ ਸਰਕਾਰ ਵਿਰੁਧ ਬ਼ਗ਼ਾਵਤ ਹੋ ਗਈ ਤੇ ਜੰਗ ਸ਼ੁਰੂ ਹੋ ਗਿਆ ਹੈ। ਪੱਛਮੀ ਪਾਕਸਤਾਨ ਦੀ ਫੌਜ ਦੇ ਟਾਕਰੇ ਬੰਗਾਲ ਦੀ ਫੌਜ ਤੇ ਅਵਾਮੀ ਲੀਗ ਹੈ ਜਿਸਨੇ ਪਿਛਲੀਆਂ ਚੋਣਾਂ ਵਿਚ ਬਹੁ-ਸੰਮਤੀ ਜਿਤ ਲਈ ਸੀ।

ਅਗਰ ਤਾਲਾ—ਕਈ ਇਲਾਕੇ ਅਵਾਮੀ ਲੀਗ ਦੇ ਕਬਜ਼ੇ ਹੇਠ ਹੋ ਗਏ ਹਨ ਤੇ ਅਨੇਕ ਥਾਈਂ ਘਮਸਾਨ ਦੀ ਲੜਾਈ ਹੋ ਰਹੀ ਹੈ।

ਅਗਰ ਤਾਲਾ—ਪੂਰਬੀ ਪਾਕਸਤਾਨ ਦਾ ਨਾਮ ਅਵਾਮੀ ਲੀਗ ਨੇ ਆਜ਼ਾਦ ਬੰਗਲਾ ਦੇਸ਼ ਰਖਿਆ ਹੈ ਤੇ ਕਿਤੇ ਨੈਸ਼ਨਲ ਅਸੈਂਬਲੀ ਕਰਕੇ ਸ਼ੇਖ ਮੁਜੀਬਲ ਰਹਿਮਾਨ ਨੂੰ ਪ੍ਰਧਾਨ ਤੇ ਮਿ: ਤਾਜ ਦੀਨ ਅਹਿਮਦ ਨੂੰ ਪ੍ਰਧਾਨ ਮੰਤ੍ਰੀ ਬਣਾਇਆ ਗਿਆ ਹੈ। ਜੰਗ ਦੇ ਸਮੇਂ ਲਈ ਛੇ ਮੈਂਬਰੀ ਵਜ਼ਾਰਤ ਬਣਾ ਲਈ ਗਈ ਹੈ।

ਨਵੀਂ ਦਿੱਲੀ--ਪਾਕਸਤਾਨ ਦੇ ਦਸ ਕਰਮਚਾਰੀਆਂ ਨੇ ਭਾਰਤ ਸਰਕਾਰ ਤੋਂ ਪਨਾਹ ਮੰਗੀ ਹੈ ਤੇ ਕਿਹਾ ਹੈ ਕਿ ਸਾਨੂੰ ਪਾਕਸਤਾਨ ਜਾਣ ਲਈ ਮਜਬੂਰ ਨਾ ਕੀਤਾ ਜਾਵੇ, ਜੋ ਪ੍ਰਵਾਣ ਕਰ ਲਈ ਗਈ ਹੈ।

---

ਖਾਲਸਾ ਟੈਕਟ ਸੁਸਾਇਟੀ, ਅੰਮ੍ਰਿਤਸਰ ਵਲੋਂ ਗਿਆਨੀ ਰਾਮ ਸਿੰਘ ਜੀ ਪ੍ਰਿੰਟਰ ਤੇ ਪ੍ਰਕਾਸ਼ਕ ਨੇ ਗੁਰਸੇਵਕ ਪ੍ਰਿੰਟਿੰਗ ਪ੍ਰੈਸ ਸੰਟ੍ਰਲ ਖ਼ਾਲਸਾ ਯਤੀਮਖਾਨਾ [ਚੀਫ਼ ਖ਼ਾਲਸਾ ਦੀਵਾਨ] ਅੰਮ੍ਰਿਤਸਰ ਵਿਚ ਛਾਪਕੇ ਦਫ਼ਤ੍ਰ ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ। [ਸੰਪਾਦਕ—ਗਿਆਨੀ ਰਾਮ ਸਿੰਘ

Digitized by Panjab Digital Library | www.panjabdigilib.org

**ਭਾਵ**—ਅਕਸਰ ਗਜਾਨੀ ਇਸ ਦਾ ਭਾਵ ਵਿਸ਼ੇ ਪਰ ਲਗਾਉਂਦੇ ਹਨ, ਇਕ ਵਿਸ਼ੇ ਪਰ ਨਹੀਂ, ਪਰ ਪੰਜਾਂ ਪਰ ਹੀ, ਕਿ ਇਹ ਐਸੇ ਬਲੀ ਹਨ ਕਿ ਬਲੀਆਂ ਤੇ ਅਜਿੱਤ ਸੂਰਮਿਆਂ, ਦੇਵਤਿਆਂ, ਮਨੁਖਾਂ, ਪਸੂ ਪੰਛੀਆਂ ਨੂੰ ਕਾਬੂ ਕਰ ਲੈਂਦ ਹਨ, ਇਸ ਕਰਕੇ ਸ੍ਰਿਸ਼ਟੀ ਦੇ ਕਰਤਾ ਅਕਾਲ ਪੁਰਖ ਨੂੰ ਅਸੀਂ ਨਮਸਕਾਰ ਕਰਦੇ ਹਾਂ ਅਰ ਉਸ ਦੀ ਓਟ ਲੈਂਦੇ ਹਾਂ ਜੋ ਸਾਡੀ ਰੱਖਿਆ ਕਰੇ। ਪਰ ਇਸ ਦਾ ਭਾਵ ਈਸ਼ੂਰ ਪਰ ਬੀ ਘਟਦਾ ਹੈ ਕਿ ਤੂੰ ਅਜਿੱਤ ਸੂਰਮਿਆਂ ਪਰ ਬਲੀ ਹੈਂ; ਗਣ, ਗੰਧਰਬ, ਦੇਵਤੇ, ਮਨੁੱਖ, ਪਸੂ, ਪੰਛੀ ਸਭ ਨੂੰ ਆਪਣੀ ਸੱਤਾ ਸਫੁਰਤੀ ਦੇਕੇ ਮੋਹ ਰੂਪੀ ਜਾਲ ਵਿਚ ਪਰੋ ਰਖਿਆ ਹੈ, ਜਾਂ ਆਪਣੀ ਮਾਇਆ ਰਚਕੇ ਉਨ੍ਹਾਂ ਨੂੰ ਮਾਇਆ ਵਿਖੇ ਮੋਹਤ ਕਰ ਛਡਿਆ ਹੈ, ਅਸੀਂ ਤੇਰੀ ਕ੍ਰਿਤ ਨੂੰ ਛਡਕੇ ਤੈਨੂੰ ਰਚਣਹਾਰ ਨੂੰ ਨਮਸਕਾਰ ਕਰਦੇ ਹਾਂ ਅਰ ਤੇਰੀ ਸ਼ਰਣ ਲੈਂਦੇ ਹਾਂ, ਸਾਡੇ ਪਰ ਕ੍ਰਿਪਾ ਕਰੋ।

**ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ। ਚਿਤ ਹਰਣੰ ਤ੍ਰੈ ਲੋਕ ਗੰਮ੍ਯੰ ਜਪ ਤਪ ਸੀਲ ਬਿਦਾਰਣਹ ॥ ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥ ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ ॥ ੪੬ ॥**

ਭ੍ਰਮਾਵਣਹ = ਫਿਰਾਉਣ ਵਾਲੇ।
ਬਿਦਾਰਣਹ = ਨਾਸ਼ ਕਰਨੇ ਵਾਲੇ।
ਅਵਿਤ ਚੰਚਲ = ਸਥ ਈ (ਇਕ ਰਸ) ਨਾ ਰਹਿਣ ਵਾਲੇ
ਬਿਮੁੰਚਿਤ = ਛੁੱਟੀਦਾ ਹੈ।

Digitized by Panjab Digital Library | www.panjabdigilib.org

**ਅਰਥ**—ਹੇ ਕਾਮ ਨਰਕ ਵਿਚ ਬਿਸ੍ਰਾਮ (ਕਰਨੇ ਵਾਲੇ), ਬਹੁਤ ਜੂਨਾਂ ਵਿਚ ਭ੍ਰਮਾਉਣ ਵਾਲੇ, ਚਿਤ ਮੋਹ ਲੈਣੇ ਵਾਲੇ, ਤਿੰਨਾਂ ਲੋਕਾਂ ਵਿਚ ਗੰਮਤਾ ਰਖਣੇ ਵਾਲੇ, ਜਪ ਤਪ (ਅਰ ਸ਼ੀਲ ਦੇ) ਨਾਸ਼ ਕਰਨੇ ਵਾਲੇ, ਤੁਛ ਸੁਖ (ਦੇਣ) ਵਾਲੇ, ਨਾ ਸਥਾਈ ਵਾਲੇ, ਊਚਾਂ ਤੇ ਨੀਚਾਂ (ਵਿਚ ਇਕੋ ਜਿਹਾ) ਸਮਾਉਣੇ ਵਾਲੇ ! ਤੇਰੇ ਭੈ ਤੋਂ (ਉਨ੍ਹਾਂ) ਸਾਧਾਂ ਦੇ ਸੰਗ ਕਰਕੇ ਛੁਟੀਦਾ ਹੈ, ਜਿਨ੍ਹਾਂ ਨੂੰ ਪਰਮੇਸੁਰ ਦੀ ਓਟ ਹੈ (ਕਹਿੰਦੇ ਹਨ ਗੁਰੂ) ਨਾਨਕ ।

**ਭਾਵ**—ਇਥੇ ਕਾਮ ਨੂੰ ਸਨਮੁਖ ਕਰਕੇ ਉਸ ਦੇ ਐਬ ਗਿਣਦੇ ਅਰ ਬਚਣੇ ਦਾ ਉਪਾਉ ਦੱਸਦੇ ਹਨ, ਕਾਮ ਨਰਕ ਵਿਚ ਵਾਸਾ ਦੇਂਦਾ ਹੈ । ਨਰਕ ਪੰਜ ਤਰ੍ਹਾਂ ਦੇ ਭੁਗਾਉਂਦਾ ਹੈ-ਪਹਿਲਾ ਨਰਕ ਤਾਂ ਇਸ ਦਾ ਭੋਗਣਾ ਹੈ, ਜੋ ਵਿਸ਼ੇ ਦੀ ਪ੍ਰਬਲਤਾ ਕਰਕੇ ਪ੍ਰਤੀਤ ਨਹੀਂ ਹੁੰਦਾ ਹੈ, ਪਰ ਪਿੱਛੋਂ ਚਿੱਤ ਨੂੰ ਭੀ ਬੀਭਤਸ ਕਰ ਦਿੰਦਾ ਹੈ । ਦੂਜਾ ਨਰਕ ਤਰ੍ਹਾਂ ਤਰ੍ਹਾਂ ਦੇ ਸਰੀਰਕ ਰੋਗ ਜੋ ਕੋੜ੍ਹ ਤੁੱਲ ਹੁੰਦੇ ਹਨ, ਦੇ ਕੇ ਸਰੀਰ ਨੂੰ ਨਾਸ਼ ਕਰ ਦਿੰਦਾ ਹੈ । ਤੀਸਰਾ ਨਰਕ ਸੰਸਾਰ ਵਿਚ ਅਪਕੀਰਤੀ ਤੇ ਭਲੇ ਮਾਣਸਾਂ ਤੋਂ ਤ੍ਰਿਸਕਾਰ ਦੁਆਉਂਦਾ ਹੈ । ਚੌਥਾ ਨਰਕ ਰਾਜ ਦੰਡ ਦੁਆਉਂਦਾ ਹੈ । ਪੰਜਵਾਂ ਪ੍ਰਲੋਕ ਦਾ ਦੁਖ ਨਰਕ ਤੋਂ ਵਖਰਾ ਇਹ ਜੂਨਾਂ ਭੁਗਾਉਂਦਾ ਹੈ । ਕਾਮੀ ਪੁਰਖ ਦੀ ਬ੍ਰਿਤੀ ਸਦਾ ਵਿਸ਼ੇ ਪ੍ਰਾਯਣ ਰਹਿੰਦੀ ਹੈ, ਸੰਕਲਪਾਂ ਦਾ ਬੰਧਨ ਮੁਕਤ ਨਹੀਂ ਹੋਣ ਦੇਂਦਾ ਤੇ ਜੈਸੇ ਸੰਕਲਪ ਵੈਸਾ ਹੀ ਵਾਸਾ ਹੁੰਦਾ ਹੈ । ਸੋ ਵਿਸ਼ਈ ਨੂੰ ਵਿਸ਼ੇ ਪ੍ਰਾਇਣ ਰਹਿਣੇ ਤੇ ਪਰਮ ਮਲੀਨ ਜੂਨਾਂ ਦਾ ਵਾਸਾ ਮਿਲਦਾ ਹੈ । ਚਿਤ ਦਾ ਨਾਸ਼ ਕਰਨੇ ਵਾਲਾ ਕਾਮ ਹੈ, ਕਿਉਂਕਿ ਇਸ ਦਾ ਰਸ ਕਸੁੰਭੇ ਦੇ ਰੰਗ ਵਾਂਗ ਭੜਕਾਉ ਵਾਲਾ ਹੁੰਦਾ ਹੈ । ਜੀਵ ਦਾ ਚਿੱਤ ਮੋਹਤ ਹੋ ਜਾਂਦਾ ਹੈ, ਅਰਥਾਤ ਇਹ ਕਿ ਕਾਮੀ ਪੁਰਖ ਅਪਣੇ ਆਪ ਦਾ ਆਪ ਸਵਾਮੀ ਨਹੀਂ ਰਹਿੰਦਾ । ਉਸ ਦਾ ਮਨ

Digitized by Panjab Digital Library | www.panjabdigilib.org

ਵਿਸ਼ੇ ਸੰਕਲਪਾਂ ਦੇ ਹੇਠ ਘੋੜਾ ਬਣ ਜਾਂਦਾ ਹੈ, ਫੇਰ ਇਸ ਕਾਮ ਦਾ ਜ਼ੋਰ ਇਸੇ ਹੀ ਲੋਕ ਵਿਚ ਨਹੀਂ, ਤਿੰਨਾਂ ਹੀ ਲੋਕਾਂ ਵਿਚ ਡਿਸਦਾ ਕੰਮ ਇਹ ਹੈ ਕਿ ਜਪ ਤਪ ਸੀਲ ਧਰਮ ਦਾ ਨਾਸ਼ ਕਰਨੇ ਵਾਲਾ ਹੈ। ਇਸ ਦਾ ਸੁਖ ਤੁਛ ਹੈ, ਬਹੁਤ ਥੋਹੜਾ ਚਿਰ ਰਹਿੰਦਾ ਹੈ, ਨਿਕੰਮਾ ਹੈ, ਨਿਕਾਰਾ ਹੈ। ਫੇਰ ਇਹ ਸੁਖ ਅਵਿਤ ਹੈ, ਜਿਸ ਦਾ ਵਿਤ ਕੁਛ ਨਹੀਂ, ਸਥਾਈ ਨਹੀਂ, ਅਥਵਾ ਇਹ ਕਾਮ ਸਰੀਰ ਰਹਿਤ ਹੈ। ਅਨੰਗ ਕਾਮ ਦਾ ਨਾਮ ਹੈ, ਅਰਥਾਤ ਇਸਦਾ ਰੂਪ ਰੰਗ ਕੋਈ ਨਹੀਂ ਹੈ। ਚਿਤ ਪੁਰ ਜੋਸ਼ ਪੈਦਾ ਹੋ ਜਾਂਦਾ ਹੈ, ਜਿਸ ਦੀ ਦੇਹ ਨਹੀਂ ਹੁੰਦੀ। ਚੰਚਲ ਹੈ, ਊਚ ਨੀਚ ਸਭ ਨੂੰ ਇਕ ਰਸ ਵਿਆਪ ਰਿਹਾ ਹੈ ਅਥਵਾ ਊਚ ਨੀਚ ਨੂੰ ਇਕ ਕਰਦਾ ਹੈ, ਯਥਾ– "........ਕਾਮ ਨ ਪੁਛੈ ਜਾਤਿ" ਕਾਮਾਧੀਨ ਹੋਣੇ ਤੇ ਜ਼ਾਤ ਭੇਦ ਵਾ ਊਚਤਾ ਨੀਚਤਾ ਦਾ ਬੀ ਕੋਈ ਖਿਆਲ ਨਹੀਂ ਕਰਦਾ। ਐਸੇ ਬੁਰੇ ਕਾਮ ਤੋਂ ਬਚਣਾ ਅਤਿਅੰਤ ਜ਼ਰੂਰੀ ਹੈ। ਉਸਦਾ ਸਾਧਨ ਗੁਰੂ ਜੀ ਦੱਸਦੇ ਹਨ ਕਿ ਸਾਧਾਂ ਦੀ ਸੰਗਤ ਕਰੋ, ਪਰ ਉਨ੍ਹਾਂ ਦੀ ਸੰਗਤ, ਜਿਨ੍ਹਾਂ ਦਾ ਪਰਮੇਸਰ ਪੁਰ ਆਸਰਾ ਹੈ, ਓਹ ਸਾਧ ਨਹੀਂ ਜੋ ਭਗਵੇ ਕੱਪੜੇ ਪਾ ਕਰਕੇ ਯਾ ਕੋਈ ਭੇਖ ਧਾਰਕੇ ਲੋਕਾਂ ਨੂੰ ਲੁੱਟਣੇ ਤੇ ਇਸਤਰੀਆਂ ਨੂੰ ਵੱਸ ਕਰਨੇ ਹੇਤ ਕਥਾ ਵਾਰਤਾ ਕਰਕੇ ਪਖੰਡ ਖਲੇਰ ਬੈਠਦੇ ਹਨ, ਇਹ ਉਨ੍ਹਾਂ ਮਹਾਤਮਾ ਵਾਸਤੇ ਕਿਹਾ ਹੈ ਕਿ ਜੋ ਦਿਲ ਦੇ ਸਾਧੂ ਅਰ ਜਿਨ੍ਹਾਂ ਨੂੰ ਬਿਨਾਂ ਪ੍ਰਭੂ ਦੇ ਹੋਰ ਕੋਈ ਟੇਕ ਨਹੀਂ, ਜੋ ਸੰਸਾਰਕ ਵਾਸ਼ਨਾ ਤੋਂ ਬਚੇ ਹੋਏ ਹਨ।

**ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ ॥ ਬਿਖਯੰਤ ਜੀਵੰ ਵਸੰ ਕਰੋਤਿ ਨਿਰਤੵੰ ਕਰੋਤਿ ਜਥਾ ਮਰਕਟਹ ॥ ਅਨਿਕ ਸਾਸਨ ਤਾੜੰਤਿ ਜਮਦੂਤਹ ॥ ਤਵ ਸੰਗੇ ਅਧਮੰ ਨਰਹ ॥**

Digitized by Panjab Digital Library | www.panjabdigilib.org

# ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖ੍ਯਾ ਕਰੋਤਿ ॥ ੪੭ ॥

{ਕਦੰਚ = ਕਦੀ। ਕਰੁਣਾ = ਦਇਆ।}

**ਅਰਥ**—ਹੇ ਕਲਜੁਗ ਦੇ ਮੂਲ ਕਰੋਧ (ਜਿਸਦੇ ਹਿਰਦੇ ਵਿਚ) ਕਦੇ ਦਇਆ ਨਹੀਂ ਉਪਜੀ! ਵਿਸ਼ਈ ਜੀਵਾਂ ਨੂੰ (ਤੂੰ) ਵੱਸ ਕਰਦਾ ਹੈਂ (ਜੋ ਤੇਰੇ ਵੱਸ ਹੋਏ ਇਸ ਲੋਕ ਵਿਚ) ਬਾਂਦਰ ਦੀ ਤਰ੍ਹਾਂ ਨੱਚਦੇ ਹਨ, (ਤੇ ਅਗੇ) ਅਨੇਕ ਪ੍ਰਕਾਰ ਦੀ ਤਾੜਨਾ ਨਾਲ ਤਾੜਦੇ ਹਨ ਜਮਦੂਤ, ਤੇਰੀ ਸੰਗਤ ਕਰ ਕੇ ਪੁਰਖ ਨੀਚ (ਹੋ ਜਾਂਦਾ ਹੈ)। ਹੇ ਦਯਾਲ ਪ੍ਰਭੂ, ਦੀਨਾਂ ਦੇ ਦੁਖ ਦੂਰ ਕਰਨੇ ਵਾਲੇ ਸਭ ਜੀਵਾਂ ਦੀ ਰਖਿਆ ਕਰੋਇ (ਜਾਂ ਕਰਦੇ ਹਨ)।

**ਭਾਵ**—ਗੁਰੂ ਜੀ ਕ੍ਰੋਧ ਨੂੰ ਸਨਮੁਖ ਕਰ ਕੇ ਉਸਦੇ ਔਗਣ ਦੱਸਦੇ ਹਨ। ਕਲਜੁਗ ਦਾ ਮੂਲ ਕ੍ਰੋਧ ਹੈ। ਕ੍ਰੋਧ ਤਮੋ-ਗੁਣ ਦੇ ਪ੍ਰਭਾਵ ਤ ਹੁੰਦਾ ਹੈ, ਤਮੋਗੁਣ ਕਲਿਜੁਗ ਦਾ ਵਿਸ਼ੇਸ਼ ਲੱਖਣ ਹੈ, ਕ੍ਰੋਧ ਦੇ ਆਵੇਸ਼ ਤੇ ਕਦੇ ਦਇਆ ਨਹੀਂ ਉਪਜਦੀ। ਕਰੋਧੀ ਨੂੰ ਜ ਦਇਆ ਆ ਜਾਵ ਤਾਂ ਕਰੋਧ ਕਾਹਦਾ? ਅਰ ਕਰੋਧੀ ਦ ਰਿਦੇ ਵਿਚ ਭੀ ਦਇਆ ਨਹੀਂ ਹੁੰਦੀ, ਕਰੋਧ ਦੇ ਸਮੇਂ ਮਨ ਛੇਤੀ ਮੁੜ ਨਹੀਂ ਸਕਦਾ, ਦਇਆ ਦੂਰ ਰਹਿੰਦੀ ਹੈ, ਜੋ ਪੁਰਖ ਵਿਸ਼ੇ ਅਧੀਨ ਹੁੰਦੇ ਹਨ ਉਹ ਕਰੋਧਾਤੁਰ ਅਵੱਸਮੇਵ ਹੁੰਦੇ ਹਨ। ਉਹ ਬਾਂਦਰ ਦੀ ਤਰ੍ਹਾਂ ਨੱਚਦ ਹਨ। ਭਾਵ ਇਹ ਕਿ ਜਿੱਕੁਰ ਬਾਂਦਰ ਦਾ ਨਾਚ ਭੈੜਾ ਅਰ ਕੋਝਾ ਲਗਦਾ ਹੈ, ਤਿੱਕੁਰ ਉਨ੍ਹਾਂ ਦੀ ਕ੍ਰਿਯਾ ਸਭ ਨੂੰ ਬੁਰੀ ਲਗਦੀ ਹੈ। ਬਾਂਦਰ ਖੁਸ਼ੀ ਨਾਲ ਬੀ ਨਹੀਂ ਨੱਚਦਾ ਕਲੰਦਰ ਦਾ ਨਚਾਯਾ ਨਚਦਾ ਹੈ, ਤਿਵੇਂ ਕਰੋਧ ਕਲੰਦਰ ਦੇ ਵੱਸ ਵਿਸ਼ਈ ਮਨ ਨੱਚਦਾ ਹੈ, ਕਰੋਧੀ ਪੁਰਸ਼

Digitized by Panjab Digital Library | www.panjabdigilib.org

ਦਿਲ ਦੁਖਾਉਣੇ ਦਾ ਮਹਾਨ ਪਾਪ ਕਰਦਾ ਹੈ, ਇਸ ਲਈ ਜਮ ਦੀ ਤਾੜਨਾ ਸਹਾਰਨੀ ਪੈਂਦੀ ਹੈ। ਕਰੋਧੀ ਪੁਰਖ ਨੀਚ ਹੋ ਜਾਂਦਾ ਹੈ, ਕਰੋਧ ਵੇਲੇ ਜੋਸ਼ ਮਗਰੋਂ ਚਿੜਚਿੜਾਹਟ, ਛਿਥਿਆਨ ਤੇ ਆਲਸ ਉਸਨੂੰ ਲੋਕਾਂ ਦੀ ਅਰ ਉਸਦੀ ਆਪਣੀ ਨਜ਼ਰ ਵਿਚ ਨੀਚ ਬਣਾ ਦਿੰਦੇ ਹਨ। ਅੰਤ ਵਿਚ ਗੁਰੂ ਜੀ ਇਸਦਾ ਇਲਾਜ ਦੱਸਦੇ ਹਨ ਕਿ ਅਕਾਲ ਪੁਰਖ ਇਸ ਤੋਂ ਰਖਜਾ ਕਰ ਸਕਦਾ ਹੈ। ਤਾਂਤ ਉਸ ਅਗੇ ਪ੍ਰਾਰਥਨਾਂ ਕਰੋ ਕਿ ਉਹ ਸਾਨੂੰ ਬਚਾ ਲਵੇ।

**ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ ॥ ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ ॥ ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ ॥ ਅਕਰਣੰ ਕਰੋਤਿ ਅਖਾਦ੍ਯਿ ਖਾਦ੍ਯੰ ਅਸਾਜ੍ਯੰ ਸਾਜਿ ਸਮਜਯਾ ॥ ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਯਾਪਿਤ ਨਾਨਕ ਹਰਿ ਨਰਹਰਹ ॥ ੪੮ ॥**

{ ਲੰਪਟ = ਲਗ ਰਿਹਾ ਹੈ। ਸਿਰਮੋਰਹ = ਸ਼ਿਰੋਮਣੀਆਂ ਦੇ। ਅਕਰਣੰ = ਨਾ ਕਰਨੇ ਜੋਗ। }

**ਅਰਥ**—ਹੇ ਲੋਭ ! ਤੂੰ ਲੱਗ ਰਿਹਾ ਹੈਂ ਸ਼ਿਰੋਮਣੀਆਂ (ਪੁਰਖਾਂ) ਨੂੰ, (ਤੇਰੇ ਕਾਰਣ ਉਹ ਲੋਕ) ਅਨੇਕ ਲਹਿਰਾਂ ਦੇ ਕਲੋਲ ਕਰਦੇ ਹਨ। (ਤੇਰੇ ਕਾਰਣ) ਜੀਵ ਨਾਨਾ ਪ੍ਰਕਾਰ ਕਰਕੇ

Digitized by Panjab Digital Library | www.panjabdigilib.org

ਦੌੜਦੇ ਹਨ (ਅਰ) ਅਨੇਕ ਭਾਂਤਾਂ ਕਰ ਕੇ (ਭਰਮ ਤੋਂ) ਡੋਲਦੇ ਹਨ। ਨਾ ਮਿੱਤਰ ਦੀ, ਨਾ ਇਸ਼ਟ ਦੀ ਨ ਸਾਕ ਦੀ, ਨ ਮਾਤਾ ਦੀ, ਨਾ ਪਿਤਾ ਦੀ ਤੈਨੂੰ ਸ਼ਰਮ ਹੈ। ਨਾ ਕਰਨੇ ਯੋਗ ਕੰਮ ਤੂੰ ਕਰਾਉਂਦਾ ਹੈਂ, ਨਾ ਖਾਣੇ ਯੋਗ (ਪਦਾਰਥ) ਤੂੰ ਖੁਆਉਂਦਾ ਹੈਂ, ਨਾ ਬਨਣੇ ਯੋਗ ਨੂੰ ਚੰਗੀ ਤਰ੍ਹਾਂ ਬਣਾਉਂਦਾ ਹੈਂ। ਰਖਿਆ ਕਰੋ ਹੇ ਸੁਆਮੀ ਹਰੀ, ਹੇ ਨਰਹਰ! (ਗੁਰੂ) ਨਾਨਕ (ਜੀ) ਬੇਨਤੀ ਕਰਦੇ ਹਨ। ਭਾਵ ਇਸਦਾ ਸਪਸ਼ਟ ਹੈ।

**ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ ॥ ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸਤੀਰਨਹ ॥ ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ ॥ ਭ੍ਰਮ ਭਯਾਨ ਉਦਿ-ਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ ॥ ਬੈਦ੍ਯੰ ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ ॥ ੪੯ ॥**

{ਤਜੰਤਿ = ਛੁਡਾਉਂਦਾ। ਬਿਸਤੀਰਨਹ = ਖਿਲਾਰਦਾ ਹੈ।
ਉਦਿਆਨ = ਬਨ। ਬਿਕਟ = ਬਿਖੜਾ।}

**ਅਰਥ**—ਹੇ ਜਨਮ ਮਰਨ ਦੇ ਮੂਲ (ਕਾਰਣ) ਹੰਕਾਰ! (ਤੂੰ) ਪਾਪ ਆਤਮਾ ਹੈਂ। ਮਿਤਰਾਂ ਨੂੰ ਛੁਡਵਾ ਦੇਂਦਾ ਹੈਂ, ਸ਼ਤਰੂਆਂ ਨੂੰ ਦ੍ਰਿੜ੍ਹ ਕਰਵਾ ਦਿੰਦਾ ਹੈਂ, ਤਰ੍ਹਾਂ ਤਰ੍ਹਾਂ ਦੀ ਮਾਇਆ ਖਿਲਾਰਦਾ ਹੈਂ। ਜੀਵ ਜੰਮਦਾ ਮਰਦਾ ਥੱਕ ਜਾਂਦਾ ਹੈ ਤੇ ਤਰ੍ਹਾਂ ਤਰ੍ਹਾਂ ਦੇ ਦੁਖ ਸੁਖ ਭੁਗਾਉਂਦਾ ਹੈਂ। ਮਹਾਂ ਭਿਆਨਕ ਬਨ (ਸੰਸਾਰ ਵਿਚ) ਕਦੀ ਨ ਹਛੇ ਹੋਣ ਵਾਲੇ (ਰੋਗਾਂ) ਵਿਚ ਜੀਵਾਂ

Digitized by Panjab Digital Library | www.panjabdigilib.org

ਨੂੰ ਗ੍ਰਸਤ ਕਰਦਾ ਹੈਂ (ਤੂੰ)। (ਗੁਰੂ) ਨਾਨਕ (ਜੀ ਕਹਿੰਦੇ ਹਨ ਕਿ) ਪਾਰਬਹਮ ਪਰਮੇਸ਼ਰ (ਉਨ੍ਹਾਂ ਅਸਾਧ ਦੁਖਾਂ ਦੇ) ਵੈਦ ਹਨ, ਸੋ ਹਰਿ ਹਰਿ ਹਰੇ ਦੀ ਅਰਾਧਣਾ (ਕਰੋ, ਜੋ ਉਸ ਰੋਗ ਦਾ ਸੱਚਾ ਦਾਰੂ ਹੈ)।

**ਭਾਵ**—ਅਹੰਕਾਰ ਹੀ ਸੰਸਾਰ ਦਾ ਕਾਰਣ ਹੈ, ਮੂਲ ਹੀ ਅਹੰਕਾਰ ਹੈ, ਜਿਥੇ ਮੈਂ ਤੇ ਮੇਰੀ ਹੈ ਉਥੇ ਹੀ ਸਾਰੀ ਉਪਾਧੀ ਹੈ, ਤਦ ਗੁਰੂ ਜੀ ਕਹਿੰਦੇ ਹਨ:-'ਜਬ ਮੇਰੀ ਮੇਰੀ ਮਿਟਿ ਜਾਇ ॥ ਤਬ ਪ੍ਰਭ ਕਾਜੁ ਸਵਾਰਹਿ ਆਇ ॥' ਮੈਂ ਮੇਰੀ ਅਹੰਕਾਰ ਦਾ ਰੂਪ ਹੈ। ਕੰਮ ਦਾ ਸਾਰਾ ਵਿਗਾੜ ਇਸ ਤੋਂ ਹੋਇਆ ਹੈ, ਇਸੇ ਅਹੰਕਾਰ ਦੇ ਕਾਰਣ ਦੈਵੀ ਗੁਣ, ਜੋ ਜੀਵ ਦੇ ਮੁਕਤ ਕਰਨੇ ਨਮਿੱਤ ਸਚੇ ਮਿੱਤਰ ਹਨ, ਦੂਰ ਹੋ ਜਾਂਦੇ ਹਨ ਅਰ ਆਸੁਰੀ ਗੁਣ, ਜੋ ਇਸ ਦੇ ਸ਼ਤਰੂ ਹਨ, ਆ ਪਰਵੇਸ਼ ਕਰਦੇ ਹਨ। ਜੇ ਕਦੀ ਅਹੰਕਾਰ ਨਾ ਹੋਵੇ ਤਾਂ ਦੈਵੀ ਗੁਣ ਦੂਰ ਨਾ ਹੋਣ। ਜਦ ਆਸੁਰੀ ਗੁਣਾਂ ਨੇ ਥਾਂ ਕੀਤੀ, ਤਦ ਅਨੇਕ ਪ੍ਰਕਾਰ ਮਾਇਆ ਦੇ ਜਾਲ ਪਸੂਰਦੇ ਹਨ। ਹੰਕਾਰ ਮਾਨੋਂ ਕੱਠੇ ਹੋਏ ਜਾਲ ਵਤ ਹੈ, ਇਸ ਤੋਂ ਉਪਜੇ ਆਸੁਰੀ ਗੁਣ ਉਸ ਜਾਲ ਨੂੰ ਫੈਲਾ ਦੇਂਦੇ ਹਨ। ਉਸ ਫੈਲੇ ਹੋਏ ਜਾਲ ਵਿਚ ਜਨਮ ਮਰਨ ਦਾ ਕਲੇਸ਼ ਪੈਂਦਾ ਹੈ ਜੋ ਅਹੰਕਾਰੀ ਜੀਵਾਂ ਨੂੰ ਆਵਾ ਗਵਨ ਤੋਂ ਕਦੇ ਨਹੀਂ ਛੁਟਣ ਦੇਂਦਾ, ਵਿਚ ਹੀ ਥਕਾ ਥਕਾ ਮਾਰਦਾ ਹੈ ਅਰ ਤਰ੍ਹਾਂ ਤਰ੍ਹਾਂ ਦੇ ਦੁਖ ਤੇ ਸੁਖ ਦਾ ਭੋਗਤਾ ਜੀਵ ਨੂੰ ਬਣਾਉਂਦਾ ਹੈ। ਇਹ ਸੰਸਾਰ ਭਿਆਨਕ ਜੰਗਲ ਦੀ ਤਰ੍ਹਾਂ ਹੈ, ਕਿਉਂਕਿ ਇਸ ਵਿਚ ਜੀਵ ਨੂੰ ਭੈ ਦੇਣੇ ਅਰ ਕਲੇਸ਼ਾਤੁਰ ਕਰਨੇ ਦੇ ਸਾਮਾਨ ਸਾਰੇ ਮੌਜੂਦ ਹਨ। ਸੁਖ ਤਾਂ ਅਹੰਕਾਰ ਤਿਆਗਨੇ ਤੇ ਸ੍ਵਰੂਪ ਦੀ ਪ੍ਰਾਪਤੀ ਰੂਪੀ ਸੀ, ਸੋ ਤਾਂ ਰਹਿਆ ਦੂਰ, ਨਾਂ ਅਹੰਕਾਰ ਛੁਟਦਾ ਹੈ, ਨਾ ਮਾਇਆ ਫਾਸ ਦੂਰ ਹੁੰਦੀ ਹੈ, ਸੋ ਸੰਸਾਰ ਰੂਪੀ ਬਨ ਵਿਚ ਭੁੱਲਿਆ ਹੋਇਆ

Digitized by Panjab Digital Library | www.panjabdigilib.org

ਜੀਵ ਭਟਕਦਾਹੈ, ਅਰ ਭ੍ਰਮਰੂਪੀ ਅਸਾਧ ਰੋਗ ਐਸਾ ਲਗਦਾ ਹੈ, ਕਿ ਕਿਸੇ ਪ੍ਰਕਾਰ ਦੂਰ ਨਹੀਂ ਹੁੰਦਾ, ਪਰ ਗੁਰੂ ਜੀ ਇਲਾਜ ਦਸਦੇ ਹਨ ਕਿ ਅਕਾਲ ਪੁਰਖ ਇਸ ਰੋਗ ਦਾ ਹਕੀਮ ਹੈ,ਅਰ ਨਾਮ ਇਸਦਾ ਦਾਰੂ ਹੈ, ਜਿਸਦੇ ਸੇਵਨ ਕਰਕੇ ਭ੍ਰਮ ਨਵਿਰਤ ਹੁੰਦਾ ਹੈ, ਮਾਇਆ ਜਾਲ ਸਿਮਟ ਕੇ ਅਹੰਕਾਰ ਦੂਰ ਹੁੰਦਾ ਹੈ, ਫਰ ਪਰਮਾਨੰਦ ਦੀ ਪ੍ਰਾਪਤੀ ਹੁੰਦੀ ਹੈ, ਸੋ ਪਜਾਰਿਓ ! ਇਸ ਦਾਰੂ ਨੂੰ ਸੇਵਨ ਕਰੋ ।

**ਹੇ ਪ੍ਰਾਣਨਾਥ ਗੋਬਿੰਦਹ ਕ੍ਰਿਪਾ ਨਿਧਾਨ ਜਗਦ-ਗੁਰੋ॥ਹੇ ਸੰਸਾਰ ਤਾਪ ਹਰਣਹ ਕਰੁਣਾਮੈ ਸਭ ਦੁਖ ਹਰੋ ॥ ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ ਕਰੋ॥ ਸਰੀਰ ਸ੍ਵਸਥ ਖੀਣ ਸਮਏ ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ ॥ ੫੦ ॥**

{ਕਰੁਣਾ ਮੈ = ਕ੍ਰਿਪਾਲੂ । ਸ੍ਵਸਤ = ਤੰਦਰੁਸਤੀ, ਸੁਖ ।}
{ਖੀਣ = ਦੁਖ, ਰੋਗ । ਰਾਮ = ਵਿਆਪਕ, ਪੂਰਨ ।}
{ਦਾਮੋਦਰ = ਪੇਟ ਰੂਪੀ ਰੱਸੀ ਨਾਲ ਜਿਸ ਨੇ ਸੰਸਾਰ ਨੂੰ ਬੱਧਾ ਹੈ । ਮਾਧਵਹ = ਪ੍ਰਕਾਸ਼ ਦਾ ਸ੍ਵਾਮੀ ।}

**ਅਰਥ**—ਹੇ ਪ੍ਰਾਣ ਨਾਥ, ਗੋਬਿੰਦ ਕ੍ਰਿਪਾ ਦੀ ਨਿਧੀ, ਜਗਤ ਦੇ ਗੁਰੂ ਜੀ ! ਹੇ ਸੰਸਾਰ ਦੇ ਤਾਪ ਦੂਰ ਕਰਨੇ ਵਾਲੇ ਕ੍ਰਿਪਾਲੂ ਜੀ ! ਸਭ ਦੁਖ ਦੂਰ ਕਰੋ । ਹੇ ਸ਼ਰਣ ਦੇ ਯੋਗ ਦਿਆਲੂ ਦੀਨਾ ਨਾਥ ਜੀ ! (ਇਹ) ਕ੍ਰਿਪਾ ਕਰੋ ਕਿ ਸਰੀਰ ਦੇ ਸੁਖ (ਅਰ) ਦੁਖ ਸਮੇਂ (ਸਦਾ) ਸਿਮਰਦਾ ਰਹੇ ਨਾਨਕ (ਆਪ ਨੂੰ) ਜੋ ਰਾਮ ਹੋ, ਦਾਮੋਦਰ ਹੋ ਅਰ ਪਰਕਾਸ਼ ਦੇ ਸ੍ਵਾਮੀ ਹੋ ।

**ਭਾਵ**—ਗੁਰੂ ਜੀ ਬੇਨਤੀ ਕਰਦੇ ਹੋਏ ਅਕਾਲ ਪੁਰਖ ਦੇ

Digitized by Panjab Digital Library | www.panjabdigilib.org

ਗੁਣਾਨੁਵਾਦ ਕਥਨ ਕਰਦੇ ਹਨ ਅਰ ਇਹ ਮੰਗਦੇ ਹਨ ਕਿ ਦੁਖ ਸੁਖ ਦੇ ਸਮੇਂ ਕਦੀ ਆਪ ਮੈਨੂੰ ਵਿਸਰੋ ਨਹੀਂ, ਸਦੀਵ ਕਾਲ ਆਪ ਨੂੰ ਯਾਦ ਕਰਦਾ ਰਹਾਂ, ਕਿਉਂਕਿ ਉਸਦੀ ਯਾਦ ਬਣੀ ਰਹਿਣੇ ਤੇ ਵਿਕਾਰ ਦੂਰ ਰਹਿੰਦੇ ਹਨ, ਬਿਰਤੀ ਇਕ ਰਸ ਰਹਿਦੀ ਹੈ ਅਰ ਜਨਮ ਮਰਨ ਦੀ ਫਾਹੀ ਟੁਟਦੀ ਹੈ।

**ਚਰਣ ਕਮਲ ਸਰਣੰ ਰਮਣੰ ਗੋਪਾਲ ਕੀਰਤਨਹ ॥ ਸਾਧ ਸੰਗੇਣ ਤਰਣੰ ਨਾਨਕ ਮਹਾ ਸਾਗਰ ਭੈ ਦੁਤਰਹ ॥ ੫੧ ॥**

{ਤਰਣੰ = ਤਰੀਦਾ ਹੈ। ਦੁਤਰਹ = ਜੋ ਤਰਨਾ ਔਖਾ ਹੋਵੇ।}

**ਅਰਥ**—ਚਰਨ ਕਮਲਾਂ ਦੀ ਸ਼ਰਣ ਲੈਣ ਤੇ, ਪਰਮੇਸ਼ਰ ਦੇ ਕੀਰਤਨ ਦਾ ਉਚਾਰਣ ਕਰਨੇ ਤੇ, ਸਾਧਾਂ ਦੇ ਸੰਗ ਕਰਨੇ ਤੇ ਤਰੀਦਾ ਹੈ ਭਯਾਨਕ ਤੇ ਦੁਸ਼ਤਰ ਸਮੁੰਦਰ ਨੂੰ।

**ਭਾਵ**—ਸੰਸਾਰ ਨੂੰ ਭਯਾਨਕ ਤੇ ਦੁਸ਼ਤਰ ਸਮੁੰਦਰ ਕਥਨ ਕਰਦੇ ਹਨ, ਕਿਉਂਕਿ ਇਸ ਤੋਂ ਛੁੱਟਣਾ ਮਹਾਨ ਕਠਨ ਹੈ, ਇਸ ਵਿੱਚ ਮੋਹ, ਲੋਭ, ਹੰਕਾਰ, ਕਰੋਧ ਆਦੀ ਲਹਿਰਾਂ ਉਠਦੀਆਂ ਹਨ ਜੋ ਬੜੇ ਬੜੇ ਚਤੁਰ ਜੀਵਾਂ ਨੂੰ ਡੋਬ ਲੈਂਦੀਆਂ ਹਨ। ਗੁਰੂ ਨਾਨਕ ਜੀ ਇਸ ਤੋਂ ਤਰਨੇ ਦਾ ਉਪਾਉ ਦੱਸਦੇ ਹਨ, ਪਹਿਲਾਂ ਇਹ ਕਿ ਪਰਮੇਸ਼ਰ ਦੇ ਚਰਨਾਂ ਕਮਲਾਂ ਦੀ ਸ਼ਰਨ ਪਕੜੋ, ਹੋਰ ਆਸਰੇ ਇਤਰ ਦੇਵੀ ਦੇਉਤਿਆਂ ਪੀਰ ਪਿਕੰਬਰਾਂ ਦੇ ਛੱਡਕੇ ਕੇਵਲ ਪਰਮੇਸ਼ਰ ਦੀ ਸ਼ਰਨ ਪਕੜੋ, ਫਿਰ ਉਸ ਪਰਮੇਸ਼ਰ ਦਾ ਕੀਰਤਨ ਕਰੋ, ਇਹ ਨਾ ਸਮਝੋ ਕਿ ਇਹ ਕੀਰਤਨ

Digitized by Panjab Digital Library | www.panjabdigilib.org

ਕਰਨਾ ਖੁਸ਼ਾਮਦ ਕਰਨੀ ਹੈ, ਇਹ ਨਿਰਾਕਾਰ ਦੇ ਗੁਣ ਗਾਉਂ ਗਾਉਂ ਕੇ ਉਸਦੇ ਗੁਣਾਂ ਦਾ ਪੁਤਲਾ ਬਣਕੇ ਉਸ ਤੋਂ ਗੁਣਾਂ ਨੂੰ ਧਾਰਨ ਕਰਨਾ ਅਤੇ ਉਸਦੇ ਨੇੜੇ ਹੋਣਾ ਹੈ। ਉਸ ਬੇਪਰਵਾਹ ਨੂੰ ਉਸਤਤਿ ਦੀ ਲੋੜ ਨਹੀਂ, ਪਰ ਸਾਨੂੰ ਉਸ ਨਾਲ ਜੁੜਨ ਲਈ ਲੋੜ ਹੈ ਤੀਸਰਾ ਇਲਾਜ ਸਾਧ ਸੰਗਤ ਹੈ, ਕਿਉਂਕਿ ਸਾਧ ਸੰਗਤ ਬਾਝ ਚਿੱਤ ਦਾ ਸ਼ੋਕ ਟੁੱਟ ਜਾਂਦਾ ਹੈ, ਸੰਸੇ ਬੁੱਧੀ ਹੋ ਜਾਂਦੀ ਹੈ, ਖੋਟੇ ਪੁਰਸ਼ਾਂ, ਕੁਸੰਗਤਾਂ ਤੇ ਵਿਕਾਰਾਂ ਦਾ ਅਸਰ ਪੈ ਜਾਂਦਾ ਹੈ ਅਰ ਆਪਣਾ ਪਰਮਾਰਥ ਵਿਗੜ ਜਾਂਦਾ ਹੈ। ਸਾਧ ਸੰਗਤ ਪਹਿਲਾ ਅਰ ਅੰਤਲਾ ਕਰਮ ਹੈ, ਕਿਉਂਕਿ ਸਾਧ ਸੰਗਤ ਤੋਂ ਸ਼ਰਣ ਲੈਣਾ ਅਰ ਕੀਰਤਨ ਦਾ ਰਮਣਾ ਸਿਖੀਦਾ ਹੈ ਅਰ ਸਾਧ ਸੰਗਤ ਦੇ ਤੁਫੈਲ ਚਿਤ ਦੀ ਇਸਥਿਤੀ ਹੁੰਦੀ ਹੈ, ਤਾਂਤੇ ਗੁਰੂ ਦੇ ਪਿਆਰਿਓ! ਹੋਰ ਆਸਰੇ ਛੱਡਕੇ ਕੇਵਲ ਇਕ ਦੀ ਸ਼ਰਨ ਲਵੋ, ਉਸੇ ਦੇ ਜਸ ਗਾਵੋ ਅਰ ਉਸੇ ਦੇ ਪਿਆਰਿਆਂ ਦੀ ਸੰਗਤ ਵਿਚ ਬੈਠੋ।

**ਸਿਰ ਮਸਤਕ ਰਖ੍ਯ੍ਾ ਪਾਰਬ੍ਰਹਮੰ ਹਸਤ ਕਾਯਾ ਰਖ੍ਯ੍ਾ ਪਰਮੇਸ੍ਵਰਹ ॥ ਆਤਮ ਰਖ੍ਯ੍ਾ ਗੋਪਾਲ ਸੁਆਮੀ ਧਨ ਚਰਣ ਰਖ੍ਯ੍ਾ ਜਗਦੀਸ੍ਵਰਹ ॥ ਸਰਬ ਰਖ੍ਯ੍ਾ ਗੁਰ ਦਯਾਲਹ ਭੈ ਦੂਖ ਬਿਨਾਸਨਹ ॥ ਭਗਤਿ ਵਛਲ ਅਨਾਥ ਨਾਥੇ ਸਰਣਿ ਨਾਨਕ ਪੁਰਖ ਅਚੁਤਹ ॥ ੫੨ ॥**

{ ਜਗਦੀਸ੍ਵਰਹ = ਜਗਤ ਦਾ ਮਾਲਕ।
ਅਚੁਤਹ = ਨਾ ਡਿੱਗਣੇ ਵਾਲਾ। }

Digitized by Panjab Digital Library | www.panjabdigilib.org

**ਅਰਥ**—ਸਿਰ ਤੇ ਮਸਤਕ ਨੂੰ ਪਾਰਬ੍ਰਹਮ ਦੀ ਰਖਯਾ (ਹੈ), ਹਥਾਂ ਤੇ ਸਰੀਰ ਨੂੰ ਪਰਮੇਸ਼ੁਰ ਦੀ ਰਖਯਾ, ਮਨ ਨੂੰ ਗੋਪਾਲ ਸੁਆਮੀ ਦੀ ਰਖਿਆ, ਧਨ ਅਰ ਚਰਨਾਂ ਦੀ ਰਖਯਾ ਜਗਦੀਸ੍ਵਰ (ਵਲੋਂ ਹੋਵੇ), ਸਭ ਦੀ ਦਿਆਲ ਗੁਰੂ (ਸਰੂਪ ਪਰਮੇਸੁਰ) ਰਖਯਾ ਕਰੇ, ਜੋ ਭੈ ਤੇ ਦੁਖਾਂ ਦਾ ਨਾਸ਼ ਕਰਤਾ ਹੈ। ਭਗਤਾਂ ਦਾ ਪਯਾਰਾ ਅਨਾਥਾਂ ਦਾ ਨਾਥ ਜੋ ਹੈ ਉਸ ਅਗਿੜ ਵਿਆਪਕ ਦੀ (ਗੁਰੂ) ਨਾਨਕ (ਦੇਵ) ਸ਼ਰਣ ਹਨ।

**ਭਾਵ**—ਇਸ ਸਲੋਕ ਵਿਚ ਗੁਰੂ ਜੀ ਇਹ ਉਪਦੇਸ਼ ਦਿੰਦੇ ਹਨ ਕਿ ਆਪਣੇ ਮਨ, ਤਨ, ਧਨ ਸਭ ਦਾ ਰੱਖਯਕ ਅਕਾਲ ਪੁਰਖ ਨੂੰ ਜਾਣੋ ਅਰ ਉਸ ਦੀ ਸ਼ਰਣ ਪਕੜੋ। ਹੋਰ ਭਰੋਸੇ ਬੰਨ੍ਹ ਬੰਨ੍ਹ ਕੇ ਔਖੇ ਨਾ ਹੋਵੋ ਕਿਉਂਕਿ ਹੋਰ ਕਿਸੇ ਵਿਚ ਇਹ ਗੁਣ ਨਹੀਂ ਹਨ ਜੋ ਉਸ ਵਿਚ ਹਨ। ਭਗਤਾਂ ਦਾ ਪਯਾਰਾ, ਅਨਾਥਾਂ ਦਾ ਨਾਥ ਇਕ ਰਸ ਭਰਪੂਰ ਹੈ, ਉਹ ਅੰਤਰਯਾਮੀ ਸਭ ਦਾ ਸੱਚਾ ਰੱਖਯਕ ਹੈ, ਤਾਂਤੇ ਉਸ ਨੂੰ ਯਾਦ ਕਰੋ।

**ਜੇਨ ਕਲਾ ਧਾਰਿਓ ਆਕਾਸੰ ਬੈਸੰਤਰੰ ਕਾਸਟ ਬੇਸਟੰ ॥ ਜੇਨ ਕਲਾ ਸਸਿ ਸੂਰ ਨਖ੍ਯ੍ਰ ਜੋਤ੍ਯਿੰ ਸਾਸੰ ਸਰੀਰ ਧਾਰਣੰ ॥ ਜੇਨ ਕਲਾ ਮਾਤ ਗਰਭ ਪ੍ਰਤਿਪਾਲੰ ਨਹ ਛੇਦੰਤ ਜਠਰ ਰੋਗਣਹ ॥ ਤੇਨ ਕਲਾ ਅਸਥੰਭੰ ਸਰੋਵਰੰ ਨਾਨਕ ਨਹ ਛਿਜੰਤਿ ਤਰੰਗ ਤੋਯਣਹ ॥ ੫੨ ॥**

Digitized by Panjab Digital Library | www.panjabdigilib.org

{ਜੇਨ = ਜਿਸ। ਸਸਿ = ਚੰਦਰ।}
{ਜਠਰ = ਪੇਟਦੀ ਅਗਨੀ। ਅਸਥੰਭੰ = ਬੱਧਾ ਹੋਯਾ।}
{ਛਿਜੰਤਿ = ਟੁਟਦਾ। ਤੋਯਣਹ = ਜਲ।}

**ਅਰਥ**—ਜਿਸ ਨੇ ਕਲਾ (ਸ਼ਕਤੀ) ਕਰਕੇ ਆਕਾਸ਼ ਨੂੰ ਧਾਰਨ ਕੀਤਾ ਹੈ, ਲਕੜੀ ਵਿਚ ਅਗਨੀ ਨੂੰ ਵੇੜ੍ਹਿਆ ਹੈ; ਜਿਸ ਨੇ ਕਲਾ ਕਰਕੇ ਚੰਦ, ਸੂਰਜ ਤੇ ਤਾਰੇ ਪ੍ਰਕਾਸ਼ਤ ਕੀਤੇ ਹਨ, ਸ੍ਵਾਸ ਸਰੀਰਾਂ ਵਿਖੇ ਕਾਇਮ ਕੀਤੇ ਹਨ, ਜਿਸ ਨੇ ਕਲਾ ਕਰਕੇ ਮਾਤਾ ਦੇ ਗਰਭ ਵਿਚ ਪਾਲਨਾ ਕੀਤੀ ਤੇ ਜਠਰ ਅਗਨੀ ਰੂਪੀ ਰੋਗ ਤੋਂ ਛਿੱਜੇ ਜਾਣੋਂ ਬਚਾਇਆ, ਉਸੇ ਦੀ ਕਲਾ ਕਰਕੇ ਬਧਾ ਹੋਇਆ ਹੈ (ਸੰਸਾਰ) ਸਾਗਰ (ਜਿਸਦੇ) ਜਲ ਦੀਆਂ ਲਹਿਰਾਂ ਨਹੀਂ ਤੋੜਦੀਆਂ (ਸਾਨੂੰ)।

**ਭਾਵ**—ਇਸ ਸਲੋਕ ਵਿਚ ਗੁਰੂ ਸਾਹਿਬ ਜੀ ਪਰਮੇਸ਼ੁਰ ਦੀ ਉਸ ਸ਼ਕਤੀ ਦਾ ਜ਼ਿਕਰ ਕਰਦੇ ਹਨ ਕਿ ਜਿਸ ਦੁਆਰਾ ਉਹ ਸੰਤਾਂ ਜਗਯਾਸੂਆਂ ਨੂੰ ਸੰਸਾਰ ਸਾਗਰ ਦੀਆਂ ਲਹਿਰਾਂ ਦੇ ਫਟਾਟਿਆ ਤੋਂ ਬਚਾਉਂਦਾ ਹੈ। ਉਪਰ ਗੁਰੂ ਸਾਹਿਬ ਉਦਾਹਰਨ ਦੇਂਦੇ ਹਨ; ਕਿ ਜਿਸ ਅਕਾਲ ਪੁਰਖ ਨੇ ਅਪਣੇ ਬਲ ਕਰਕੇ ਅਸਥੂਲ, ਪਰੰਤੂ ਅਤਯੰਤ ਨਾਜ਼ਕ ਬਰੀਕ ਅਰ ਵਲਦਾਰ ਪ੍ਰਬੰਧ ਦੇ ਪਦਾਰਥਾਂ ਨੂੰ ਰਚਿਆ, ਸੰਭਾਲਿਆ ਅਰ ਸਿਰੇ ਚਾੜ੍ਹਿਆ ਹੈ, ਜੈਸੇ ਮਾਤਾ ਦੇ ਪੇਟ ਵਰਗੇ ਬਿਖੜੇ ਗਰਮ ਅਰ ਕੁਥਰੇ ਥਾਂ ਵਿਚ ਬੱਚੇ ਨੂੰ ਪੈਦਾ ਕਰਨਾ, ਪਾਲਣਾ ਤੇ ਵਧਾਉਣਾ। ਤਾਰਾ ਗਣਾਂ ਦੀਆਂ ਚਾਲਾਂ ਬੰਨ੍ਹਣੀਆਂ, ਉਨ੍ਹਾਂ ਨੂੰ ਪ੍ਰਕਾਸ਼ ਦੇਣਾ ਅਰ ਗਣਤ ਵਿਦਿਆ ਦੇ ਹਿਸਾਬ ਮੂਜਬ ਤੋਰਨਾ। ਉਹ ਪਰਮੇਸ਼ਰ ਸੂਖਮ ਪਦਾਰਥਾਂ ਦੀ ਰਖਯਾ ਕਰਨੇ ਵਾਲਾ ਹੈ। ਜੈਸੇ ਜਗਿਆਸੂਆਂ ਦੇ ਹਿਰਦੇ ਵਿਚ ਪ੍ਰੇਮਾਭਗਤੀ ਦਾ ਠਹਿਰਨਾ ਅਸਚਰਜ ਬਾਤ ਹੈ,

Digitized by Panjab Digital Library | www.panjabdigilib.org

ਤੈਸੇ ਭਿਆਨਕ ਸੰਸਾਰ ਵਿਚ ਭਗਤੀ ਨਿਬਾਹੁਣੀ ਤੇ ਸਿਰੇ ਚਾੜ੍ਹਨੀ ਅਨਹੋਣੀ ਹੈ, ਪਰ ਉਹ ਪਰਮੇਸ਼ਰ ਇਸ ਅਤਿ ਸੂਖਮ ਪਦਾਰਥ ਨੂੰ ਭਗਤਾਂ ਦੇ ਹਿਰਦੇ ਵਿਚ ਸੰਭਾਲਦਾ ਹੈ। ਸੰਸਾਰ ਸਾਗਰ ਤੋਂ ਰਖਦਾ ਹੈ ਅਰ ਇਸ ਦੀਆਂ ਭਿਆਨਕ ਲਹਿਰਾਂ ਤੋਂ ਬਚਾ ਕੇ ਆਪਣੇ ਸਰੂਪ ਦੀ ਪ੍ਰਾਪਤੀ ਤਕ ਪਹੁੰਚਾਉਂਦਾ ਹੈ।

**ਗੁਸਾਂਈ ਗਰਿਸਟ ਰੂਪੇਣ ਸਿਮਰਣੰ ਸਰਬਤ੍ਰ ਜੀਵਣਹ ॥ ਲਬਧੵੰ ਸੰਤ ਸੰਗੇਣ ਨਾਨਕ ਸ੍ਵਛ ਮਾਰਗ ਹਰਿ ਭਗਤਣਹ ॥ ੫੪ ॥**

{ਗਰਿਸਟ = ਭਾਰੀ। ਸ੍ਵਛ = ਸੁਥਰਾ।}

**ਅਰਥ**—ਅਕਾਲ ਪੁਰਖ ਭਾਰੀ ਰੂਪ ਵਾਲਾ ਹੈ, (ਉਸਦਾ) ਸਿਮਰਣਾ ਸਭ ਦਾ ਜੀਵਨ ਹੈ। (ਉਸਦਾ) ਲੱਭਣਾ ਸੰਤਾਂ ਦੇ ਸੰਗ (ਕਰਕੇ ਹੁੰਦਾ ਹੈ), ਅਕਾਲ ਪੁਰਖ ਦੀ ਭਗਤੀ (ਉਸਦੀ ਪ੍ਰਾਪਤੀ ਦਾ) ਨਿਰਮਲ ਰਸਤਾ ਹੈ, ਨਾਨਕ (ਗੁਰੂ ਜੀ ਕਥਨ ਕਰਦੇ ਹਨ)।

**ਭਾਵ**—ਅਕਾਲ ਪੁਰਖ ਸਭ ਤੋਂ ਭਾਰਾ ਹੈ, ਵਡਾ ਹੈ, ਉਸਦੇ ਤੁੱਲ ਕੋਈ ਨਹੀਂ ਹੈ, ਉਹ ਐਸਾ ਮਾਲਕ, ਪਾਲਕ ਤੇ ਜੀਵਨ ਦਾ ਸਹਾਰਾ ਹੈ ਕਿ ਉਸ ਬਿਨਾਂ ਕੋਈ ਵਸਤੂ ਟਿਕ ਨਹੀਂ ਸਕਦੀ। ਇਸ ਬਾਤ ਤੋਂ ਜੋ ਬੇਸਮਝ ਹਨ, ਉਹ ਦੇਹ ਕਰ ਕੇ ਮਰਦੇ ਤਾਂ ਨਹੀਂ, ਪਰ ਆਤਮਾ ਕਰ ਕੇ ਉਸ ਨੂੰ ਭੁੱਲੇ ਹੋਏ ਹਨ, ਇਹ ਭੁੱਲ ਜਾਣਾ ਮੌਤ ਤੁੱਲ ਹੈ। ਜਿਕੁਰ ਕੋਈ ਪੁਰਖ ਆਪਣੀ ਮਾਤਾ ਨੂੰ ਭੁੱਲ ਜਾਵੇ ਤਦ ਉਹ ਆਪਣੀ ਮਾਤਾ ਤੋਂ ਆਪਣੇ ਆਪ ਵਿਚ ਮੁਰਦਾ ਹੈ, ਕਿਉਂਕਿ ਪਰਸਪਰ ਸੰਬੰਧ ਕੋਈ ਨਹੀਂ। ਜਦ

Digitized by Panjab Digital Library | www.panjabdigilib.org

ਮਾਂ ਯਾਦ ਆ ਜਾਵੇ ਤਦ ਯਾਦ ਦਾ ਸਬੰਧ ਫੇਰ ਕਾਇਮ ਹੋ ਗਿਆ ਅਰ ਉਹ ਆਪਣੇ ਆਪ ਵਿਚ ਆਪਣੀ ਮਾਤਾ ਵਲੋਂ ਜੀਉਂਦਾ ਹੋ ਗਿਆ। ਇਸੀ ਪ੍ਰਕਾਰ ਜੀਵ ਜੋ ਪਰਮੇਸ਼ਰ ਨੂੰ ਭੁੱਲ ਰਹੇ ਹਨ ਉਹ ਭੁੱਲ ਰੂਪੀ ਮੌਤ ਵਿਚ ਗ੍ਰਸੇ ਹੋਏ ਪਾਪਾਂ ਦੀ ਸੜ੍ਹਾਂਦ ਨਾਲ ਸੜ ਰਹੇ ਹਨ, ਜੋ ਜ਼ਿੰਦਗੀ ਚਾਹੁੰਦੇ ਹਨ ਉਹ ਯਾਦ ਕਰਦੇ ਹਨ, ਯਾਦ ਕਰਨੇ ਤੇ ਪਾਪ ਦੂਰ ਹੁੰਦਾ ਤੇ ਪਰਸਪਰ ਸਬੰਧ ਕਾਇਮ ਹੁੰਦੇ ਤੇ ਆਤਮ ਜੀਵਨ ਪੈਦਾ ਹੁੰਦਾ ਹੈ; ਜਿਸ ਕਰਕੇ ਉਹ ਜੀਉਂਦਾ ਕਿਹਾ ਜਾਂਦਾ ਹੈ, ਇਸ ਲਈ ਗੁਰੂ ਜੀ ਕਹਿੰਦੇ ਹਨ ਕਿ ਉਸ ਮਹਾਨ ਈਸ਼੍ਵਰ ਦੀ ਯਾਦ ਸਰਬ ਜੀਵਾਂ ਦਾ ਜੀਵਨ ਹੈ, ਉਸ ਦੀ ਭੁੱਲ ਮੌਤ ਹੈ, ਉਸ ਪਰਮੇਸ਼ਰ ਦੀ ਪ੍ਰਾਪਤੀ ਸਦਾ ਸੰਤਾਂ ਦੇ ਸੰਗ ਵਿਚ ਹੈ, ਜਿਨ੍ਹਾਂ ਦੀ ਸੰਗਤ ਕਰਨੇ ਤੇ ਸ਼ਰਧਾ ਤੇ ਪ੍ਰੇਮ ਉਪਜਦੇ ਹਨ ਅਰ ਭਗਤੀ ਪ੍ਰਾਪਤੀ ਹੁੰਦੀ ਹੈ, ਜੋ ਨਿਰਮਲ ਮਾਰਗ ਮੁਕਤੀ ਦਾ ਹੈ; ਕਿਉਂਕਿ ਹੋਰਨਾਂ ਮਾਰਗਾਂ ਵਿਖੇ ਪਤਿਤ ਹੋਣੇ ਦਾ ਬਹੁਤ ਭੈ ਹੈ, ਪਰੰਤੂ ਭਗਤੀ ਮਾਰਗ ਵਿਚ ਕੋਈ ਭੈ ਨਹੀਂ ਹੈ।

**ਮਸਕੰ ਭਗਨੰਤ ਸੈਲੰ ਕਰਦਮੰ ਤਰੰਤ ਪਪੀਲ-ਕਹ ॥ ਸਾਗਰੰ ਲੰਘੰਤਿ ਪਿੰਗੰ ਤਮ ਪਰਗਾਸ ਅੰਧਕਹ ॥ ਸਾਧ ਸੰਗੇਣਿ ਸਿਮਰੰਤ ਗੋਬਿੰਦ ॥ ਸਰਣਿ ਨਾਨਕ ਹਰਿ ਹਰਿ ਹਰੇ ॥ ੫੫ ॥**

ਮਸਕੰ = ਮੱਛਰ। ਭਗਨੰਤ = ਭੰਨ ਦੇਵੇ।
ਸੈਲੰ = ਪੱਥਰ। ਕਰਦਮੰ – ਚਿਕੜ।

**ਅਰਥ**—ਮਛਰ ਭੰਨ ਦੇਵੇ ਪੱਥਰ ਨੂੰ, ਚਿਕੜ ਨੂੰ ਤਰ ਜਾਵੇ ਕੀੜੀ, ਪਿੰਗਲਾ ਲੰਘ ਜਾਵੇ ਸਮੁੰਦਰ ਨੂੰ, ਅੰਨ੍ਹੇ ਨੂੰ ਹਨੇਰੇ ਵਿਚ

Digitized by Panjab Digital Library | www.panjabdigilib.org

ਪ੍ਰਕਾਸ਼ ਹੋ ਜਾਵੇ (ਐਸਾ ਉਪਾ ਕੌਣ ਹੈ ? ਉੱਤਰ—) ਸਾਧਾਂ ਦੀ ਸੰਗਤ ਵਿਚ ਗੋਬਿੰਦ ਦਾ ਸਿਮਰਨਾ ਤੇ ਹਰੀ ਹਰਿ ਪਰਮੇਸ਼ਰ ਦੀ ਸ਼ਰਨ ਨੂੰ ਪ੍ਰਾਪਤ ਹੋਣਾ ਨਾਨਕ (ਗੁਰੂ ਜੀ ਉਚਾਰਦੇ ਹਨ) ।

**ਭਾਵ—**ਜੀਵ ਮੱਛਰ ਸਾਰਖਾ ਨਿਰਬਲ ਹੈ, ਹੰਕਾਰ ਪੱਥਰ ਨੂੰ ਤੋੜ ਦੇਵੇ, ਬ੍ਰਿਤੀ ਰੂਪ ਕੀੜੀ ਹੈ ਸੋ ਮੋਹ ਰੂਪ ਚਿਕੜ ਨੂੰ ਤਰ ਜਾਵੇ । ਮਨ ਸਾਧਨ ਦੇ ਪੈਰਾਂ ਤੋਂ ਪਿੰਗਲਾ ਹੈ, ਸੋ ਲੰਘ ਜਾਵੇ ਸੰਸਾਰ ਰੂਪ ਸਮੁੰਦਰ ਨੂੰ । ਅਗਿਆਨ ਦਾ ਹਨੇਰਾ ਹੈ, ਜੀਵ ਅੰਨ੍ਹਾ ਹੈ, ਸੋ ਗਿਆਨ ਪ੍ਰਕਾਸ਼ ਨੂੰ ਪਾਵੇ।ਸੋ ਇਹ ਕਿਸ ਸਲਾਹ ਜੁਗਤਿ ਕਰ ਪ੍ਰਾਪਤ ਹੋ ਜਾਵੇ ? ਇਸਦਾ ਉੱਤਰ ਕਥਨ ਕਰਦੇ ਹਨ ਕਿ ਸੰਤਾਂ ਦੀ ਸੰਗਤ ਕਰੇ, ਉਸ ਸੰਗਤ ਤੋਂ ਨਾਮ ਦੀ ਪ੍ਰਾਪਤੀ ਹੋਵੇਗੀ, ਜਿਸ ਕਰ ਕੇ ਉੱਪਰ ਲਿਖੇ ਕੰਮ ਸੂਧੇ ਸਿਰੇ ਚੜ੍ਹ ਜਾਣਗੇ । ਹੰਕਾਰ, ਲੋਭ, ਸੰਸਾਰ ਦੇ ਔਖ ਤੇ ਅਗਯਾਨ ਸਭ ਦੂਰ ਹੋ ਜਾਣਗੇ । ਸੋ ਪਰਮੇਸ਼ਰ ਦੇ ਪਿਆਰਿਆਂ ਨੂੰ ਯੋਗ ਹੈ ਕਿ ਸਤਿਸੰਗਤ ਕਰਨ ਅਰ ਜੀਵਨ ਦਾ ਲਾਹਾ ਲੈਣ ।

**ਤਿਲਕ ਹੀਣੰ ਜਥਾ ਬਿਪ੍ਰਾ ਅਮਰ ਹੀਣੰ ਜਥਾ ਰਾਜਨਹ ॥ ਆਵਧ ਹੀਣੰ ਜਥਾ ਸੂਰਾ ॥ ਨਾਨਕ ਧਰਮ ਹੀਣੰ ਤਥਾ ਬੈਸਨਵਹ ॥ ੫੬ ॥**

{ਬਿਪ੍ਰਾ = ਬ੍ਰਾਹਮਣ । ਅਮਰ = ਹੁਕਮ ।
ਆਵਧ = ਸ਼ਸਤ੍ਰ । ਬੈਸਨਵਹ = ਪਰਮੇਸ਼ਰ ਦਾ ਉਪਾਸ਼ਕ ।}

**ਅਰਥ—**ਟਿੱਕੇ ਤੋਂ ਬਿਨਾਂ ਜੈਸੇ ਬ੍ਰਾਹਮਣ, ਹੁਕਮ ਤੋਂ

Digitized by Panjab Digital Library | www.panjabdigilib.org

ਬਿਨਾ ਜੈਸੇ ਰਾਜਾ, ਸ਼ਸਤਰ ਤੋਂ ਬਿਨਾਂ ਜੈਸੇ ਸੂਰਮਾ, ਤੈਸੇ ਧਰਮ ਤੋਂ ਬਿਨਾਂ ਬੈਸਨਵ (ਹੈ, ਕਹਿੰਦੇ ਹਨ ਗੁਰੂ) ਨਾਨਕ।

**ਭਾਵ**—ਗੁਣੀਆਂ ਦੀ ਖਾਸ ਗੁਣਾਂ ਦੇ ਅਭਾਵ ਹੋਣੇ ਤੇ ਨਿਸਫਲਤਾ ਸਿੱਧ ਕਰਦੇ ਹਨ। ਬ੍ਰਾਹਮਣ ਦੀ ਕਦਰ ਟਿੱਕੇ ਕਰਕੇ ਹੁੰਦੀ ਹੈ, ਟਿੱਕੇ ਤੋਂ ਬਿਨਾਂ ਕਿਸੇ ਨੂੰ ਕੀ ਪਤਾ ਕਿ ਬ੍ਰਾਹਮਣ ਹੈ ਕਿ ਚੁਮਾਰ ਹੈ। ਜਿਸ ਰਾਜੇ ਦਾ ਹੁਕਮ ਕੋਈ ਨਾ ਮੰਨੇ ਉਹ ਕੈਸਾ ਰਾਜਾ ਹੈ? ਰਾਜਾ ਤਦ ਤਕ ਹੀ ਹੈ ਜਦ ਤਕ ਹੁਕਮ ਤੁਰ। ਸੂਰਮਾਂ ਸ਼ਸਤ੍ਰ ਤੋਂ ਬਿਨਾਂ ਕੁਝ ਨਹੀਂ, ਸ਼ਸਤ੍ਰ ਹੀਨ ਕੀ ਕਰ ਸਕਦਾ ਹੈ? ਇਸੀ ਪ੍ਰਕਾਰ ਗੁਰੂ ਜੀ ਕਹਿੰਦੇ ਹਨ ਕਿ ਸਾਧੂ ਧਰਮ ਸੰਯੁਕਤ ਹੋਣਾ ਚਾਹੀਏ, ਜੋ ਧਰਮ ਹੀਨ ਹੈ ਉਹ ਸਾਧੂ ਨਹੀਂ ਹੈ। ਬੈਸਨਵ ਦਾ ਅਰਥ ਕੰਠੀ ਵਾਲੇ ਨਹੀਂ ਹੈ, ਬੈਸਨੋ ਦੇ ਲੱਖਣ ਇਹ ਹਨ :—

"ਬੈਸਨੋ ਸੋ ਜਿਸੁ ਊਪਰਿ ਸੁ ਪ੍ਰਸੰਨ ॥ ਬਿਸਨ ਕੀ ਮਾਇਆ ਤੇ ਹੋਇ ਭਿੰਨ ॥ ਕਰਮ ਕਰਤ ਹੋਵੈ ਨਿਹਕਰਮ ॥ ਤਿਸੁ ਬੈਸਨੋ ਕਾ ਨਿਰਮਲ ਧਰਮ"—ਆਦਿ। ਸੋ ਬੈਸਨੋ ਧਰਮ ਧਾਰਨੇ ਵਾਲੇ ਦਾ ਨਾਮ ਹੈ, ਜੋ ਧਰਮਹੀਨ ਹੈ ਅਰ ਬੈਸਨੋ ਸਦਾਉਂਦਾ ਹੈ ਉਹ ਨਿਸਫਲ ਹੈ, ਕਬੀਰ ਜੀ ਦਾ ਵਾਕ ਹੈ—"ਕਬੀਰ ਬੈਸਨੋ ਹੂਆ ਤ ਕਿਆ ਭਇਆ ਮਾਲਾ ਮੇਲੀਂ ਚਾਰਿ ॥ ਬਾਹਰਿ ਕੰਚਨੁ ਬਾਰਹਾ ਭੀਤਰਿ ਭਰੀ ਭੰਗਾਰ।"

**ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ ॥ ਅਸਚਰਜ ਰੂਪੰ ਰਹੰਤ ਜਨਮੰ॥ਨੇਤ ਨੇਤ ਕਥੰਤਿ ਬੇਦਾ॥ ਊਚ ਮੂਚ ਅਪਾਰ ਗੋਬਿੰਦਹ ॥ ਬਸੰਤਿ ਸਾਧ**

Digitized by Panjab Digital Library | www.panjabdigilib.org

## ਰਿਦਯੰ ਅਚੁਤ ॥ ਬੁਝੰਤਿ ਨਾਨਕ ਬਡਭਾਗੀਅਹ ॥ ੫੭ ॥

{ ਨੇਤ = ਨਾ ਇਤਨਾ। ਅਪਾਰ = ਪਾਰ ਤੋਂ ਰਹਿਤ।
ਅਚੁਤ = ਨਾ ਡਿੱਗਣੇ ਵਾਲਾ, ਦ੍ਰਿੜ। }

**ਅਰਥ**—ਨ ਸੰਖ ਹੈ, ਨ ਚੱਕ੍ਰ ਹੈ, ਨ ਗਦਾ ਹੈ, ਨ ਕਾਲਾ (ਰੂਪ) ਹੈ (ਪਰਤੂ) ਅਸਚਰਜ ਰੂਪ ਹੈ (ਅਰ) ਜਨਮ (ਮਰਨ ਤਾਂ) ਰਹਿਤ ਹੈ। ਨਹੀਂ ਹੈ, ਇਹ ਨਹੀਂ ਹੈ, ਇਹ ਬੇਦ (ਬੀ) ਕਹਿਦੇ ਹਨ। ਉੱਚਿਆਂ ਤਾਂ ਉੱਚਾ, ਪਾਰ ਤੋਂ ਰਹਿਤ ਬੇਅੰਤ (ਪਰਮੇਸੁਰ) ਸਾਧੂਆਂ ਦੇ ਹਿਰਦੇ ਵਿਚ ਦ੍ਰਿੜ ਵਸਦਾ ਹੈ, (ਉਸ ਨੂੰ) ਵਡੇ ਭਾਗਾਂ ਵਾਲੇ ਬੁਝਦੇ ਹਨ। (ਕਹਿ ਦੇ ਹਨ ਗੁਰੂ) ਨਾਨਕ।

**ਭਾਵ**—ਇਸ ਸ਼ਲੋਕ ਵਿਚ ਗੁਰੂ ਜੀ ਪਰਮੇਸੁਰ ਦਾ ਵਾਸਤਵ ਸਰੂਪ ਕਥਨ ਕਰਦੇ ਹਨ, ਕਿਉਂਕਿ ਅਕਸਰ ਲੋਕ ਪਰਮੇਸੁਰ ਨੂੰ ਮਨੁਖ ਵਾਂਗ ਦੱਸਦੇ ਹਨ। ਕਾਲਾ ਰੰਗ ਕਹਿੰਦੇ ਹਨ। ਸੰਖ, ਚਕ੍ਰ, ਗਦਾ, ਪਦਮ ਆਦੀ ਪਦਾਰਥਾਂ ਦੇ ਧਾਰਨ ਕਰਨੇ ਵਾਲਾ ਕਹਿੰਦੇ ਹਨ, ਸੱਚ ਪਾਤਸ਼ਾਹ ਇਸ ਨੂੰ ਨਿਸ਼ੇਧਦੇ ਹਨ ਕਿ ਇਹ ਗ਼ਲਤ ਹੈ, ਉਹ ਪਰਮੇਸੁਰ ਜਨਮ ਤੋਂ ਰਹਿਤ ਹੈ। ਜੋ ਜਨਮ ਤੋਂ ਰਹਿਤ ਹੈ, ਸੋ ਦਹ ਤੋਂ ਰਹਿਤ ਹੈ। ਜੋ ਦੇਹ ਤੋਂ ਰਹਿਤ ਹੈ, ਸੋ ਸੰਖ ਚਕ੍ਰ ਆਦੀ ਦਾ ਧਾਰਕ ਨਹੀਂ ਹੋ ਸਕਦਾ। ਫਿਰ ਉਸਦਾ ਵਾਸਤਵ ਸਰੂਪ ਕੀਹ ਹੈ? ਕਹਿੰਦੇ ਹਨ ਅਸਚਰਜ ਸਰੂਪ ਹੈ, ਕਿਉਂਕਿ ਜੋ 'ਇਹ' ਕਰਕੇ ਕਹਿ ਦੇਈਏ, ਤਦ ਉਹ ਹੱਦ ਵਾਲਾ ਹੋ ਜਾਂਦਾ ਹੈ, ਪਰ ਉਹ ਬੇਹੱਦ ਹੈ ਇਸ ਕਰਕ ਬੇਦ ਬੀ ਉਸ ਦਾ ਅਸਚਰਜ ਸਰੂਪ ਦਾ ਕਥਨ ਨਹੀਂ ਕਰਦੇ। ਹਾਂ, ਕੁਝ ਕੁ ਕਹਿਕੇ ਫੇਰ ਕਹਿੰਦੇ ਹਨ 'ਨੇਤਿ' ਇਹ ਨਹੀਂ, ਇਸ ਤੋਂ ਬੀ ਹੋਰ ਜਾਂ ਪਰੇ

Digitized by Panjab Digital Library | www.panjabdigilib.org

ਹੈ ਅਰ ਅਵਤਾਰ ਆਦਿ ਜੋ ਉਚੇ ਤੇ ਵਡੇ ਮੰਨੇ ਹਨ, ਪਰਮੇਸ਼ੁਰ ਐਸੇ ਵਡਿਆ ਤੋਂ ਵੀ ਵਡਾ ਤੇ ਉਚੇਰਾ ਹੈ। ਇੱਥੇ ਸ਼ੰਕਾ ਪੈਂਦੀ ਹੈ ਕਿ ਫੇਰ ਸਾਨੂੰ ਪ੍ਰਾਪਤ ਹੋਣਾ ਤਾਂ ਅਸੰਭਵ ਹੋਇਆ ? ਗੁਰੂ ਜੀ ਦੱਸਦੇ ਹਨ ਕਿ ਨਹੀਂ। ਉਹ ਵਸਦਾ ਬਹੁਤ ਨੇੜੇ ਹੈ, ਅਰਥਾਤ ਸਾਧੂ ਪੁਰਖਾਂ ਦੇ ਹਿਰਦੇ ਵਿਚ ਦ੍ਰਿੜ ਨਿਵਾਸ ਰਖਦਾ ਹੈ, ਹਿਰਦਾ ਉਸਦਾ ਅਸਥਾਨ ਹੈ। ਭਾਈ ਨੰਦ ਲਾਲ ਜੀ ਨੇ ਵੀ ਕਿਹਾ ਹੈ ਕਿ ਦਿਲ ਪਰਮੇਸੁਰ ਦਾ ਘਰ ਹੈ। ਪਰ ਫੇਰ ਭੀ ਵਡੇ ਭਾਗਾਂ ਵਾਲੇ ਉਸ ਨੂੰ ਸਮਝਦੇ ਹਨ, ਕਿਉਂਕਿ ਠੱਗ ਅਰ ਝੂਠੇ ਸਾਧਾਂ ਭੇਖ-ਧਾਰੀਆਂ ਦੇ ਭੁਲੇਖੇ ਲੋਕੀਂ ਮਹਾਤਮਾ ਦੀ ਸਤਿਸੰਗਤ ਤੋਂ ਭੀ ਵਾਂਜੇ ਜਾਂਦੇ ਹਨ ਤੇ ਇਸ ਕਰਕੇ ਪ੍ਰਾਪਤੀ ਤੋਂ ਦੂਰ ਰਹਿ ਜਾਂਦੇ ਹਨ। ਕਰਤਾਰ ਹੀ ਕ੍ਰਿਪਾ ਕਰੇ ਤਾਂ ਸਤਿਸੰਗਤ ਪ੍ਰਾਪਤ ਹੋਵੇ ਅਰ ਭਲੇ ਸਾਧੂ ਦੇ ਮੇਲ ਕਰ ਸਤਸੰਗਤ ਪ੍ਰਾਪਤ ਹੋਵੇ।

**ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ ॥ ਬਿਖਨ ਸਥਾਨ ਮਨ ਮੋਹ ਮਦਿਰੰ ਮਹਾ ਅਸਾਧ ਪੰਚ ਤਸਕਰਹ॥ ਹੀਤ ਮੋਹ ਭੈ ਭਰਮ ਭ੍ਰਮਣੰ ਅਹੰ ਫਾਂਸ ਤੀਖ੍ਣ ਕਠਿਨਹ ॥ ਪਾਵਕ ਤੋਅ ਅਸਾਧ ਘੋਰੰ ਅਗਮ ਤੀਰ ਨਹ ਲੰਘਨਹ॥ ਭਜੁ ਸਾਧ ਸੰਗਿ ਗੋੁਪਾਲ ਨਾਨਕ ਹਰਿ ਚਰਣ ਸਰਣ ਉਧਰਣ ਕ੍ਰਿਪਾ ॥ ੫੯ ॥**

ਉਦਿਆਨ = ਜੰਗਲ। ਸ੍ਵਾਨ = ਕੁੱਤਾ। ਸਿਆਲ = ਗਿੱਦੜ।
ਖਰਹ = ਖੋਤਾ। ਬਿਖਮ = ਔਖਾ। ਤਸਕਰ = ਚੋਰ।
ਪਾਵਕ = ਅੱਗ। ਤੋਅ = ਪਾਣੀ।
ਅਗਮ = ਔਖਾ। ਤੀਰ = ਕਿਨਾਰਾ।

Digitized by Panjab Digital Library | www.panjabdigilib.org

**ਅਰਥ**—ਸੰਸਾਰ ਦਾ ਵੱਸਣਾ (ਵੈਸਾ ਹੈ ਜੈਸੇ) ਜੰਗਲ ਦਾ ਵੱਸਣਾ ਹੁੰਦਾ ਹੈ, ਕਿਉਂਕਿ ਕੁੱਤੇ ਗਿੱਦੜ (ਤੇ) ਖੋਤਿਆਂ ਵਰਗੇ ਸੰਬੰਧੀ (ਉਦਾਲੇ ਰਹਿੰਦੇ ਹਨ), ਇਸ (ਵਿਚ) ਮਨ (ਬੜੇ) ਔਖੇ ਥਾਉਂ (ਦੇ ਤੁੱਲ) ਹੈ (ਜੋ) ਮੋਹ ਦੇ ਨਸ਼ੇ ਕਰ (ਕਠਨ) ਹੋ ਜਾਂਦਾ ਹੈ। (ਇਥੇ) ਨਾ ਸਾਧੇ ਜਾਣ ਵਾਲੇ ਪੰਜ ਚੋਰ (ਵਸਦੇ ਹਨ)। ਮੋਹ ਤੇ ਹਿਤ ਦਾ (ਇਥੇ) ਭੈ ਹੈ (ਅਰ) ਭਰਮ (ਵਿਚ ਦੁਖ ਹੋਣਾਂ ਇਥੇ) ਭਟਕਣਾ ਹੈ, ਅਹੰਤਾ ਦੀ ਇਥੇ ਤਿਖੀ ਤੇ ਕਰੜੀ ਫਾਹੀ ਹੈ, (ਤ੍ਰਿਸ਼ਨਾ ਦੀ) ਅੱਗ (ਤੇ ਪਦਾਰਥਾਂ ਦਾ ਮੋਹ ਲੈਣ ਵਾਲਾ) ਜਲ ਡੂੰਘਾ ਤੇ ਨਾ ਸਾਧੇ (ਤਰੇ) ਜਾਣ ਵਾਲਾ ਹੈ (ਜਿਨ੍ਹਾਂ ਕਰਕੇ) ਲੰਘਣਾ (ਪਾਰ ਹੋਣਾ) ਹੋ ਨਹੀਂ ਸਕਦਾ ਅਰ ਕਿਨਾਰਾ (ਜਿਥੇ ਪਹੁੰਚਣਾ ਹੈ) ਪਹੁੰਚ ਤੋਂ ਪਰੇ ਹੋ ਰਿਹਾ ਹੈ। (ਪਰ ਜੇ ਉਧਾਰ ਚਾਹੇ ਤਾਂ) ਸਾਧਾਂ ਦੇ ਸੰਗ ਵਿਚ ਸਿਮਰੇ ਗੋਪਾਲ ਨੂੰ, (ਕਿਉਂਕਿ ਕਹਿੰਦੇ ਹਨ ਗੁਰੂ) ਨਾਨਕ ਹਰੀ ਦੇ ਚਰਨਾਂ ਦੀ ਸ਼ਰਨ ਲੈਣੀ (ਅਰ ਉਸਦੀ ਸਾਡੇ ਪਰ) ਕ੍ਰਿਪਾ (ਕਰਨੀ ਹੀ ਕੇਵਲ) ਉਧਾਰ (ਦਾ ਨਮਿੱਤ ਹੈ)।

**ਭਾਵ**—ਇਸ ਵਿਚ ਗੁਰੂ ਜੀ ਸੰਸਾਰ ਨੂੰ ਜੰਗਲ ਨਾਲ ਉਪਮਾ ਦੇਂਦੇ ਹਨ ਅਰ ਜੋ ਜੋ ਔਖ ਜੰਗਲ ਵਿਚ ਹੁੰਦੇ ਹਨ ਸੋ ਸੋ ਔਖ ਸੰਸਾਰ ਵਿਚ ਦਿਖਾਲਦੇ ਹਨ, ਜਿਸ ਤੋਂ ਪਤਾ ਲਗਦਾ ਹੈ ਕਿ ਜੀਵ ਦਾ ਬਚਣਾ ਅਸੰਭਵ ਹੈ। ਪਰੰਤੂ ਪਰਮ ਕ੍ਰਿਪਾਲੂ ਜੀ ਨੇ ਅੰਤ ਵਿਚ ਬਚਣੇ ਦਾ ਸਾਧਨ ਕਠਨ ਕਰ ਦਿਤਾ ਹੈ ਕਿ ਸੰਤਾਂ ਦੀ ਸੰਗਤ ਕਰੋ, ਪਰਮੇਸ਼ਰ ਦਾ ਭਜਨ ਕਰੋ, ਉਸ ਨੂੰ ਸਮਝਕੇ ਸੰਕਲਪ ਨੂੰ ਛਡਕੇ ਉਸਦੀ ਸਰਨ ਪਕੜੋ, ਐਉਂ ਫੇਰ ਉਧਾਰ ਹੋ ਜਾਵੇਗਾ।

**ਕ੍ਰਿਪਾ ਕਰੰਤ ਗੋਬਿੰਦ ਗੋਪਾਲਹ ਸਗਲੵੰ ਰੋਗ**

Digitized by Panjab Digital Library | www.panjabdigilib.org

**ਖੰਡਣਹ ॥ ਸਾਧ ਸੰਗੇਣਿ ਗੁਣ ਰਮਤ ਨਾਨਕ ਸਰਣਿ ਪੂਰਨ ਪਰਮੇਸੁਰਹ ॥ ੫੯ ॥**

{ਸਗਲੰ੍ਹ = ਸਾਰੇ । ਖੰਡਣਹ = ਨਾਸ਼ ਕਰਨੇ ।}

**ਅਰਥ**—(ਉਸ ਪਰ) ਕ੍ਰਿਪਾ ਕਰਦੇ ਹਨ ਗੋਬਿੰਦ ਗੋਪਾਲ (ਪਰਮੇਸ਼ਰ ਅਰ ਉਨ੍ਹਾਂ ਦੇ) ਸਾਰੇ ਰੋਗ ਦੂਰ ਕਰਦੇ ਹਨ (ਜੋ ਸਾਧਾਂ ਦੇ) ਸੰਗ ਕਰਕੇ ਪੂਰਨ ਪਰਮੇਸ਼ੁਰ ਦੇ ਗੁਣ ਭਜਦੇ ਤੇ ਉਸ ਦੀ ਸ਼ਰਨ ਲੈਂਦੇ ਹਨ, ਨਾਨਕ (ਗੁਰੂ ਜੀ ਕਥਨ ਕਰਦੇ ਹਨ) ।

**ਭਾਵ**—ਅਕਾਲ ਪੁਰਖ ਦੀ ਕ੍ਰਿਪਾ ਪ੍ਰਾਪਤ ਹੋਣੇ ਦਾ ਨਮਿੱਤ ਦੱਸਦੇ ਹਨ, ਕਿ ਕਿਸ ਪ੍ਰਕਾਰ ਉਨ੍ਹਾਂ ਦੀ ਕ੍ਰਿਪਾ ਹੋ ਸਕਦੀ ਹੈ । ਜੀਵ ਸੰਤਾਂ ਦੀ ਸੰਗਤ ਕਰਕੇ ਪਰਮਸ਼ਰ ਦਾ ਭਜਨ ਕਰੇ ਅਰ ਹਉਮੈ ਤਿਆਗਕੇ ਸ਼ਰਨ ਫੜੇ, ਉਸ ਪਰ ਉਸ ਦੀ ਕ੍ਰਿਪਾ ਹੁੰਦੀ ਹੈ, ਇਸ ਉਪਾਵ ਤੇ ਛੁਟ ਹੋਰ ਉਪਾਵ ਸਭ ਵਿਅਰਥ ਹਨ, ਕਿਉਂਕਿ ਹੋਰ ਜੋ ਕੁਝ ਕੀਤਾ ਜਾਂਦਾ ਹੈ, ਉਸ ਕਰਕੇ ਹਉਮੈ ਬਣੀ ਦੀ ਬਣੀ ਰਹਿੰਦੀ ਹੈ, ਪਰ ਇਸ ਬਿਧ ਚਲਣੇ ਤੇ ਹਉਮੈ ਦੀ ਫਾਹੀ ਕਟੀਂਦੀ ਹੈ, ਕਿਉਂਕਿ "ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥" ਗੁਰੂ ਵਾਕ ਪ੍ਰਸਿੱਧ ਹੀ ਹੈ, ਤ ਤੇ ਸਤਸੰਗਤ ਕਰੋ, ਭਜਨ ਕਰੋ, ਪਰਮੇਸ਼ਰ ਦੀ ਸ਼ਰਨ ਫੜੋ ਤੇ ਹੋਰ ਪਾਸੇ ਫਜਕੇ ਔਖੇ ਨਾ ਹੋਵੋ ।

**ਸਿਆਮਲੰ ਮਧੁਰ ਮਾਨੁਖ੍ਹੰ ਰਿਦਯੰ ਭੂਮਿ ਵੈਰਣਹ ॥ ਨਿਵੰਤਿ ਹੋਵੰਤਿ ਮਿਥਿਆ ਚੇਤਨੰ ਸੰਤ ਸ੍ਵਜਨਹ ॥ ੬੦ ॥**

[ ਸਿਆਮਲੰ = ਸੁੰਦਰ । ]

Digitized by Panjab Digital Library | www.panjabdigilib.org

**ਅਰਥ**—ਸੁੰਦਰ ਹੋਵੇ, (ਮੂੰਹ ਦਾ) ਮਿੱਠਾ ਹੋਵੇ (ਜੋ) ਮਨੁਖ, ਪਰ (ਉਸ ਦੀ) ਰਿਦੇ ਭੂਮਿ ਵਿਚ ਵੈਰ ਹੋਵੇ, ਉਸ ਦਾ ਨਿਉਣਾ ਝੂਠਾ ਹੁੰਦਾ ਹੈ, ਹੇ ਸੰਤ ਸਜਣੋਂ! (ਐਸੇ ਪੁਰਖ ਤੋਂ) ਚੇਤਨ ਹੁਸ਼ਿਆਰ ਰਹਿਣਾ ।

**ਭਾਵ**—ਕਪਟੀ ਪੁਰਖ ਤੋਂ ਸੁਚੇਤ ਰਹਿਣੇ ਦਾ ਉਪਦੇਸ਼ ਕਰਦੇ ਹਨ। ਸਿਆਮਲੰ ਸਾਉਲੇ ਤੇ ਸਲੋਨੇ ਨੂੰ ਕਹਿੰਦੇ ਹਨ, ਜਿਸ ਤੋਂ ਭਾਵ ਐਸੇ ਪੁਰਖ ਤੋਂ ਹੈ, ਜਿਸ ਦੀ ਸੂਰਤ ਮੋਹ ਲੈਣ ਵਾਲੀ ਹੋਵੇ ਤੇ ਬੋਲ ਚਾਲ ਵੀ ਜਿਸ ਦਾ ਮਿੱਠਾ ਹੋਵੇ, ਪਰ ਰਿਦੇ ਵਿਚ ਜਿਸਦੇ ਧ੍ਰੋਹ ਵਸਦਾ ਹੈ, ਉਸ ਦਾ ਨੀਉਣਾ ਝੂਠਾ ਹੈ, ਉਹ ਜ਼ਰੂਰ ਧੋਖਾ ਦੇਵੇਗਾ। ਹੇ ਸੰਤ ਅਰ ਸਜਣ ਪੁਰਖੋ! ਐਸੇ ਪੁਰਖਾਂ ਤੋਂ ਬਚ ਕੇ ਰਹਿਣਾ। ਸੋ ਪ੍ਰਤੱਖ ਅੱਜ ਕਲ ਐਸੇ ਪੁਰਖ ਸਾਧਾਂ ਵਿਚ ਬੀ ਅਰ ਸਿਖਾਂ ਵਿਚ ਬੀ ਦਿੱਸਦੇ ਹਨ । ਸਾਧਾਂ ਵਿਚ ਤਾਂ ਐਸੇ ਐਸੇ ਰਿਸ਼ਟ ਪੁਸ਼ਟ ਰਸਨਾ ਦੇ ਚਤੁਰ ਕਥਾ ਕਰਨੇ ਵਿਚ ਨਿਪੁੰਨ ਨਜ਼ਰ ਆਉਂਦੇ ਹਨ ਕਿ ਪੁੱਛੋ ਨਾ, ਹਿਰਦਾ ਵੇਖੋ ਤਾਂ ਵਿਸ਼ਿਆਂ ਵਿਚ ਲੰਪਟ ਹੈ; ਸੇਰ ਸੇਰ ਬਦਾਮ ਤੇ ਪਾ ਪਾ ਘਿਉ ਰੋਜ਼ ਚੱਟਮ ਕਰਦੇ ਹਨ ਅਰ ਇਸਤ੍ਰੀਆਂ ਪਾਸ ਇਕਾਂਤ ਗੁਰਮੰਤ੍ਰ ਦੇ ਬਹਾਨੇ ਬੈਠਦੇ ਹਨ ਅਰ ਕੁਕਰਮ ਕਰਦੇ ਹਨ, ਐਸਿਆਂ ਤੋਂ ਸੁਚੇਤ ਰਹਿਣਾ ਚਾਹੀਏ। ਇਨ੍ਹਾਂ ਦੇ ਡੰਗੇ ਦਾ ਮੰਤ੍ਰ ਨਹੀਂ ਹੁੰਦਾ, ਸੂਰਤ ਇਨ੍ਹਾਂ ਦੀ ਫਾਹੀ ਦੀ ਕੁੰਡੀ ਹੁੰਦੀ ਹੈ, ਰਸਨਾ ਇਨ੍ਹਾਂ ਦੀ ਹੱਟੀ ਹੁੰਦੀ ਹੈ, ਨਿਮ੍ਰਤਾ ਇਨ੍ਹਾਂ ਦੀ ਦਲਾਲ ਹੁੰਦੀ ਹੈ; ਜੋ ਭੋਲੇ ਤੇ ਸ਼ਰਧਾਵਾਨਾਂ ਦਾ ਸੌਦਾ ਪਕਵਾਕੇ ਉਨ੍ਹਾਂ ਦਾ ਸਤਯਾਨਾਸ ਕਰਦੀ ਹੈ। ਐਸੇ ਨਾਗ ਰੂਪ ਸਾਧਾਂ ਤੋਂ ਕੋਹਾਂ ਦੂਰ ਰਹਿਣਾ ਚਾਹੀਏ, ਇਸ ਤਰ੍ਹਾਂ ਦੇ ਸਾਧਾਂ ਨੂੰ ਕਪਟੀ ਚੇਲੇ ਬੀ ਐਸੇ ਲੱਭਦੇ ਹਨ ਕਿ ਨਿਉਂ ਨਿਉਂ ਕੇ ਰੁਪਿਆ ਪੈਸਾ ਲੈ ਕੇ ਉਡ ਜਾਂਦੇ ਹਨ।

Digitized by Panjab Digital Library | www.panjabdigilib.org

**ਅਚੇਤ ਮੂੜਾ ਨ ਜਾਣੰਤ ਘਟੰਤ ਸਾਸਾ ਨਿਤ-ਪ੍ਰਤੇ ॥ ਛਿਜੰਤ ਮਹਾ ਸੁੰਦਰੀ ਕਾਂਇਆ ਕਾਲ ਕੰਨਿਆ ਗ੍ਰਾਸਤੇ ॥ ਰਚੰਤਿ ਪੁਰਖਹ ਕੁਟੰਬ ਲੀਲਾ ਅਨਿਤ ਆਸਾ ਬਿਖਿਆ ਬਿਨੋਦ ॥ ਭ੍ਰਮੰਤਿ ਭ੍ਰਮੰਤਿ ਬਹੁ ਜਨਮ ਹਾਰਿਓ ਸਰਣਿ ਨਾਨਕ ਕਰੁਣਾ ਮਯਹ ॥ ੬੧ ॥**

{ਮੂੜਾ = ਮੂਰਖ । ਛਿਜੰਤ = ਭੱਜਦੀ ਹੈ ।
ਕਾਲ ਕੰਨਿਆ = ਬ੍ਰਿਧ ਅਵਸਥਾ ।}

**ਅਰਥ**—ਅਚੇਤ ਅਰ ਮੂਰਖ ਨਹੀਂ ਜਾਣਦਾ (ਕਿ) ਸ੍ਵਾਸ ਸਦੀਵ ਘਟ ਰਹੇ ਹਨ । ਬੜੀ ਸੋਹਣੀ ਕਾਂਇਆਂ (ਸਦੀਵ) ਛਿਜ ਰਹੀ ਹੈ, ਕਾਲ ਦੀ ਕੰਨਜਾਂ (ਬ੍ਰਿਧਾਵਸਥਾ ਇਸਨੂੰ) ਗ੍ਰਸ ਰਹੀ ਹੈ । (ਸਗੋਂ ਇਸਦੇ ਉਲਟ) ਪੁਰਖ ਕੁਟੰਬ ਦੀ ਲੀਲਾ ਵਿਚ ਰਚ ਰਿਹਾ ਹੈ, ਅਨਿਤ ਪਦਾਰਥਾਂ ਦੀ ਆਸਾ ਤੇ ਵਿਸ਼ਿਆਂ ਦੇ ਬਿਨੋਦ ਕਰਦਾ ਹੈ । (ਇਸ ਪ੍ਰਕਾਰ) ਭ੍ਰਮਦਿਆਂ ਭਟਕਦਿਆਂ, ਬਹੁਤੇ ਜਨਮ ਹਾਰ ਦਿੱਤੇ, ਹੇ ਕ੍ਰਿਪਾ ਸਰੂਪ ! (ਗੁਰੂ) ਨਾਨਕ ਜੀ (ਕਹਿੰਦੇ ਹਨ) ਤੇਰੀ ਸ਼ਰਣ ਹਾਂ ।

**ਭਾਵ**—ਇਸ ਸ਼ਲੋਕ ਵਿਚ ਗੁਰੂ ਜੀ ਜੀਵ ਦੀ ਮੂਰਖਤਾ ਦੱਸਦੇ ਹਨ ਕਿ ਸ੍ਵਾਸਾਂ ਦੇ ਬਿਤੀਤ ਹੋਣ ਅਰ ਕਾਂਇਆਂ ਦ ਖੀਣ ਹੋਣ ਤੇ ਬੁਢੇਪੇ ਦੇ ਆਗਮਨ ਨੂੰ ਪ੍ਰਤੱਖ ਦੇਖ ਰਿਹਾ ਹੈ, ਫੇਰ ਕੁਟੰਬ ਦੀ ਲੀਲਾ ਵਿਚ ਖਚਿਤ ਹੁੰਦਾ ਹੈ ਅਰ ਇਹ ਧੋਖਾ ਹੁਣੇ ਹੀ ਨਹੀਂ ਖਾਧਾ, ਅਨੇਕ ਜਨਮ ਇਸੇ ਤਰ੍ਹਾਂ ਗੁਆ ਦਿੱਤੇ, ਤਾਂਤੇ ਹੁਣ ਤਾਂ

Digitized by Panjab Digital Library | www.panjabdigilib.org

ਹੇ ਮਨੁੱਖ ! ਸਮਝ ਕਰ ਅਰ ਪਰਮੇਸ਼ਰ ਦੀ ਸ਼ਰਨ ਆ, ਧੰਦਿਆਂ ਤੋਂ ਨਿਰਬੰਧ ਹੋ ਅਰ ਸੱਚੇ ਪਾਤਸ਼ਾਹ ਦੀ ਸ਼ਰਣ ਲੈ ।

**ਹੇ ਜਿਹਬੇ ਹੇ ਰਸਗੇ ਮਧੁਰ ਪ੍ਰਿਆ ਤੁਯੰ ॥ ਸਤ ਹਤੰ ਪਰਮਬਾਦੰ ਅਵਰਤ ਏਥਹ ਸੁਧ ਅਛਰਣਹ ॥ ਗੋਬਿੰਦ ਦਾਮੋਦਰ ਮਾਧਵੇ ॥ ੬੨ ॥**

{ਰਸਗੇ = ਰਸਾਂ ਨੂੰ ਜਾਨਣ ਵਾਲੀ । ਬਾਦੰ = ਝਗੜਾ ।}

**ਅਰਥ**—ਹੇ ਜੀਭ, ਹੇ ਰਸਾਂ ਨੂੰ ਜਾਨਣੇ ਵਾਲੀ ! ਮਿਠੇ (ਪਦਾਰਥ) ਪਜਾਰੇ ਹਨ ਤੈਨੂੰ । ਸੱਚ ਵਲੋਂ ਹਤ ਹੋ ਰਹੀ ਹੈਂ ਤੂੰ, ਬੜੇ ਝਗੜੇ (ਜੋ ਹਨ) ਉਨ੍ਹਾਂ ਵਿਖੇ ਏਥੇ ਪ੍ਰਵਿਰਤ ਹੋ ਰਹੀ ਹੈਂ । 'ਗੋਬਿੰਦ ਦਾਮੋਦਰ ਮਾਧੋ' (ਇਨ੍ਹਾਂ) ਸੁਧ ਅਖਰਾਂ ਵਿਚ (ਲੱਗ) ।

**ਭਾਵ**—ਕਈ ਐਉਂ ਅਰਥ ਕਰਦੇ ਹਨ ਕਿ ਹੇ ਜੀਭ, ਹੇ ਰਸਾਂ ਦੀ ਗਜਾਤੀ ! ਮਿਠੇ ਹਨ ਤੇ ਪਜਾਰੇ ਹਨ (ਤੈਨੂੰ) ਸੱਚ ਦਾ ਹਤ (ਝੂਠ) ਤੇ ਮਹਾਨ ਝਗੜੇ । ਆਵਰਤ (ਪ੍ਰਵਿਰਤ ਹੋ) (ਇਥੇ) ਸੰਸਾਰ ਵਿਚ ਆਕੇ ਸੁਧ ਅਖਰਾਂ ਵਿਖੇ :—'ਰਾਮ ਦਾਮੋਦਰ ਮਾਧੋ' । ਭਾਵ ਦੁਹਾਂ ਦਾ ਇਹ ਹੈ ਕਿ ਹੇ ਜੀਵ ! ਪਦਾਰਥਾਂ ਤੇ ਵਿਸ਼ਿਆਂ ਦੇ ਸੁਖਾਂ ਦਾ ਤਯਾਗ ਕਰਕੇ ਪਰਮਾਰਥੀ ਸੁਖ ਵਿਖੇ ਖਚਿਤ ਹੋ । ਰਸਾਂ ਕਸਾਂ ਵਿਚ ਸਮਾਂ ਨਾ ਖੋਹ, ਪਰਮੇਸ਼ਰ ਦਾ ਨਾਮ ਜਪ ।

**ਗਰਬੰਤਿ ਨਾਰੀ ਮਦੋਨ ਮਤੰ ॥ ਬਲਵੰਤ ਬਲਾਤ ਕਾਰਣਹ ॥ ਚਰਨ ਕਮਲ ਨਹ ਭਜੰਤ ਤ੍ਰਿਣ ਸਮਾਨਿ ਧਿਗੁ ਜਨਮਣਹ ॥ ਹੇ ਪਪੀ-**

Digitized by Panjab Digital Library | www.panjabdigilib.org

# ਲਕਾ ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ ॥
# ਨਾਨਕ ਅਨਿਕ ਬਾਰ ਨਮੋ ਨਮਹ ॥੬੩॥

{ਮਦੋਨਮਤੰ = ਮਦ ਕਰਕੇ ਉਨਮਤ ਹੋਈ।}

**ਅਰਥ**—ਮਦ ਕਰਕੇ ਉਨਮਤ (ਹੋਈ ਹੋਈ) ਨਾਰੀ ਗਰਬ (ਹੰਕਾਰ) ਕਰ ਰਹੀ ਹੈ (ਅਰ) ਬਲ ਵਾਲੇ ਪੁਰਸ਼ਾਂ ਲਈ ਬਲਾ ਹੋ ਰਹੀ ਹੈ, (ਪਰਮੇਸ਼ਰ) ਦੇ ਚਰਨ ਕਮਲਾਂ ਨੂੰ ਨਹੀਂ ਭਜਦੀ। ਧ੍ਰਿਗ ਹੈ (ਐਸੇ) ਜਨਮ ਨੂੰ (ਕਿਉਂਕਿ ਇਹ ਜਨਮ) ਤੀਲੇ ਵਾਂਙ (ਨਾਸ਼ ਹੋ ਜਾਂਦਾ ਹੈ)। ਹੇ ਕੀੜੀ (ਵਤ ਨਿੰਮਰਤਾ ਵਾਲੀ) ਤੂੰ ਉਸ ਪਰ ਭਾਰੀ ਹੈਂ ਜੇ ਤੇਰੇ ਪਾਸ ਗਬਿੰਦ ਸਿਮਰਨ ਰੂਪੀ ਧਨ ਹੈ। (ਗੁਰੂ) ਨਾਨਕ (ਜੀ ਕਹਿੰਦੇ ਹਨ ਤੈਨੂੰ) ਅਨੇਕ ਬਾਰ ਨਮਸਕਾਰ ਹੈ।

**ਭਾਵ**—ਕਹਿਦੇ ਹਨ ਕੋਈ ਪਰਮੇਸ਼ਰ ਦਾ ਭਜਨ ਕਰਨੇ ਵਾਲੀ ਪਰਮ ਨਿੰਮਰ ਇਸਤ੍ਰੀ ਗੁਰੂ ਅਮਰ ਦਾਸ ਜੀ ਦੀ ਵਰੋਸਾਈ ਹੋਈ ਸੀ, ਪਰ ਗ਼ਰੀਬ ਬਹੁਤ ਸੀ। ਇਕ ਹੋਰ ਕੋਈ ਧਨ-ਪਾਤਰ ਇਸਤ੍ਰੀ ਸੀ ਜੋ ਸਭ ਨੂੰ ਸਤਾਉਂਦੀ ਸੀ, ਕਿਸੇ ਸਮੇਂ ਇਸੇ ਨੇ ਉਸ ਨਿੰਮ੍ਰਤਾ ਵਾਲੀ ਪਾਸ ਉਸਦੀ ਸ਼ਿਕਾਇਤ ਕੀਤੀ। ਤਿਸ ਪਰ ਉਸਨੇ ਕਿਹਾ: ਉਹ ਧਨ ਪਾਤ੍ਰ ਹੈ, ਮਹਾਨ ਹੈ, ਬਲੀ ਲੋਕ ਉਸਦੇ ਵੱਸ ਹਨ, ਮੈਂ ਨਿਮਾਣੀ ਗਰੀਬਣੀ ਕਿਸ ਜੋਗ ਹਾਂ। ਫਰ ਉਸਨੇ ਕਿਹਾ ਕਿ ਨਹੀਂ, ਆਪ ਵਡੇ ਹੋ, ਪਰ ਨਿੰਮ੍ਰਤਾ ਵਾਲੀ ਨੇ ਨਿੰਮ੍ਰਤਾ ਹੀ ਫੜੀ ਰਖੀ। ਏਹ ਗਲ ਗੁਰੂ ਜੀ ਤਕ ਪਹੁੰਚੀ, ਤਦ ਸਚੇ ਪਾਤਸ਼ਾਹ ਜੀ ਨੇ ਕਿਹਾ ਕਿ ਪਹਿਲੀ ਹੰਕਾਰਤ ਇਸਤ੍ਰੀ ਦਾ ਜਨਮ ਧ੍ਰਿਗ ਹੈ ਅਰ ਦੂਸਰੀ ਨਿੰਮ੍ਰਤਾ ਵਾਲੀ ਧੰਨ ਹੈ, ਨਮਸਕਾਰ ਦੇ ਜੋਗ

Digitized by Panjab Digital Library | www.panjabdigilib.org

ਹੈ। ਐਉਂ ਬੀ ਅਰਥ ਹੈ ਕਿ ਨਾਰੀ ਤੋਂ ਭਾਵ ਬੁੱਧੀ ਹੈ, ਹੇ ਬੁਧੀ! ਉਨਮਤ ਹੋ ਕੇ ਹੰਕਾਰ ਕਰਦੀ ਹੈਂ, ਜੇ ਉਨਮਤ ਨਾ ਹੋਵੇਂ ਅਪਣੇ ਮੂਲ ਨੂੰ ਪਛਾਣੇ, ਤਦ ਕਦੀ ਹੰਕਾਰ ਨਾ ਕਰੇਂ। ਬਲ ਵਾਲਿਆਂ ਨੂੰ ਤੂੰ ਬਲਾ ਹੋ ਚੰਬੜੀ ਹੈਂ, ਜੋ ਬਲੀ ਪੁਰਖ ਹਨ, ਉਨਮਤ ਹੋਈ ਬੁਧੀ ਉਨ੍ਹਾਂ ਨੂੰ ਖਰਾਬ ਕਰਦੀ ਹੈ, ਕਿਉਂਕਿ ਓਹ ਫੇਰ ਪਰਮੇਸ਼ਰ ਦੇ ਚਰਨਾਂ ਕਮਲਾਂ ਦਾ ਸਿਮਰਣ ਨਹੀਂ ਕਰਦੇ ਅਰ ਨਾ ਹੀ ਸਮਝਦੇ ਹਨ ਕਿ ਜੀਵਨ ਤ੍ਰਿਣ ਸਮਾਨ ਖਿਨ ਭੰਗਰ ਹੈ। ਇਸ ਕਰ ਕੇ ਉਨ੍ਹਾਂ ਦਾ ਜਨਮ ਧਿਰਕਾਰਨੇ ਯੋਗ ਹੋ ਜਾਂਦਾ ਹੈ। ਇਸ ਕਰਕੇ ਕਹਿੰਦੇ ਹਨ ਹੇ ਬੁੱਧੀ! ਤੇਰਾ ਅਸਲ ਸਰੂਪ ਪਪੀਲਕਾ ਵਤ ਨਿੰਮ੍ਰ ਅਰ ਸੱਚ ਦੀ ਖੋਜ ਤੇ ਜਾਚ ਕਰਨੇ ਦਾ ਹੈ, ਅਰ ਤੇਰਾ ਗੌਰਵਪਣਾ ਤਦ ਹੈ ਜੇ ਨਿੰਮ੍ਰ ਹੋਵੇਂ ਤਾਂ ਤੇਰਾ ਧਨ ਮਦ ਨਹੀਂ ਹੈ, ਤੇਰਾ ਧਨ ਪਰਮੇਸ਼ਰ ਸਿਮਰਣ ਹੈ, ਫੇਰ ਤੂੰ ਨਮਸਕਾਰ ਯੋਗ ਹੋ ਜਾਂਦੀ ਹੈ।

**ਤ੍ਰਿਣੰਤ ਮੇਰੰ ਸਹਕੰਤ ਹਰੀਅੰ ॥ ਬੂਡੰਤ ਤਰੀਅੰ ਊਣੰਤ ਭਰੀਅੰ ॥ ਅੰਧਕਾਰ ਕੋਟਿ ਸੂਰ ਉਜਾਰੰ॥ ਬਿਨਵੰਤ ਨਾਨਕ ਹਰਿ ਗੁਰ ਦਯਾਰੰ ॥ ੬੪ ॥**

{ਮੇਰੰ = ਪਰਬਤ। ਸਹਕੰਤ = ਸੁੱਕਾ, ਕੁਮਲਾਇਆ।
ਸੂਰ = ਸੂਰਜ।}

**ਅਰਥ**—ਕੱਖ ਤੋਂ ਪਹਾੜ ਹੋ ਜਾਂਦਾ ਹੈ, ਸੁੱਕੇ ਤੋਂ ਹਰਿਆ ਹੋ ਜਾਂਦਾ ਹੈ, ਡੁਬਦੇ ਤੋਂ ਤਰਨਹਾਰਾ ਹੋ ਜਾਂਦਾ ਹੈ, ਸੱਖਣੇ ਤੋਂ ਭਰਿਆ ਹੋ ਜਾਂਦਾ ਹੈ, ਹਨੇਰੇ ਤੋਂ ਕ੍ਰੋੜਾਂ ਸੂਰਜਾਂ ਦਾ ਚਾਨਣਾ ਹੋ ਜਾਂਦਾ ਹੈ। (ਗੁਰੂ) ਨਾਨਕ (ਜੀ) ਬੇਨਤੀ (ਸੰਯੁਕਤ) ਕਥਨ ਕਰਦੇ ਹਨ ਕਿ ਜੇ ਗੁਰੂ ਅਰ ਪਰਮੇਸ਼ਰ ਦਇਆਲ ਹੋ ਜਾਣ ਤਾਂ।

**ਭਾਵ**—ਇਸ ਸ਼ਲੋਕ ਵਿਚ ਗੁਰ ਪਰਮੇਸ਼ਰ ਦੀ ਕ੍ਰਿਪਾ ਦਾ

Digitized by Panjab Digital Library | www.panjabdigilib.org

ਫਲ ਦੱਸਦੇ ਹਨ। ਜਦ ਦੋਹਾਂ ਦੀ ਕ੍ਰਿਪਾ ਹੁੰਦੀ ਹੈ, ਤਦ ਮਨੁੱਖ ਜੀਵਨ ਮੁਕਤ ਹੋ ਜਾਂਦਾ ਹੈ, ਪਰ ਜੀਵਨ ਮੁਕਤੀ ਇਥੇ ਕੇਵਲ ਲੱਛਣਾਂ ਦੁਆਰਾ ਕਥਨ ਕੀਤੀ ਹੈ ਕਿ ਕੱਖ ਤੋਂ ਸੁਮੇਰ ਹੋ ਜਾਂਦਾ ਹੈ, ਭਾਵ ਇਹ ਹੈ ਕਿ ਜੋ ਲੋਭ ਕਰ ਕੇ ਮਹਾਂ ਹੌਲਾ ਤੇ ਤ੍ਰਿਸ਼ਨਾ ਆਸਾ ਦੇ ਬੁੱਲਿਆਂ ਕਰ ਕੇ ਉਡਦਾ ਫਿਰਦਾ ਮਨ ਕੱਖ ਵਰਗਾ ਹੋ ਰਿਹਾ ਸੀ, ਉਹ ਸੁੱਧ ਹੋ ਕੇ ਕਲਿਆਨ ਸਰੂਪ ਦੀ ਗੌਰਵਤਾ ਵਾਲਾ ਹੋ ਜਾਂਦਾ ਹੈ। ਜੋ ਮਨ ਪਹਿਲੇ ਆਸੁਰੀ ਗੁਣਾਂ ਦੀ ਤਪਸ਼ ਨਾਲ ਸੁੱਕ ਗਿਆ ਸੀ ਸੋ ਦੈਵੀ ਗੁਣਾਂ ਨੂੰ ਪਾ ਕੇ ਹਰਾ ਭਰਾ ਹੋ ਗਿਆ। ਅੱਗੇ ਵਾਸ਼ਨਾ ਵਿਚ ਅਨੇਕ ਪਦਾਰਥਾਂ ਨੂੰ ਸਹਿਕਦਾ ਹੁੰਦਾ ਸੀ, ਤੇ ਪਦਾ-ਰਥਾਂ ਦਾ ਬਾਲਣ ਪਾ ਪਾ ਕੇ ਉਸ ਨੂੰ ਠਾਰਦਾ ਸੀ, ਪਰ ਉਹ ਹੋਰ ਵਧਦੀ ਸੀ, ਹੁਣ ਉਹ ਤ੍ਰਿਸ਼ਨਾ ਮਿਟ ਗਈ। ਆਸ਼ਾ ਦਾ ਵਹਿਣ ਕੁੰਡ ਠੰਢਾ ਹੋ ਕੇ ਭਰਿਆ ਗਿਆ, ਕਿਸ ਪਦਾਰਥ ਨਾਲ ? ਪਰਮੇਸ਼ਰ ਦੇ ਪਵਿੱਤਰ ਨਾਮ ਨਾਲ। ਫੇਰ ਅਗੇ ਮਹਾਂ ਹਨੇਰਾ ਸੀ, ਅਗਿਆਨ ਛਾ ਰਿਹਾ ਸੀ, ਹੁਣ ਗਿਆਨ ਦਾ ਸੂਰਜ ਚੜ੍ਹ ਪਿਆ, ਜਿਸਨੇ ਸਭ ਹਨੇਰੇ ਦੂਰ ਕਰ ਦਿਤੇ।

**ਬ੍ਰਹਮਣਹ ਸੰਗਿ ਉਧਰਣੰ ॥ ਬ੍ਰਹਮ ਕਰਮ ਜਿ ਪੂਰਣਹ ॥ ਆਤਮ ਰਤੰ ਸੰਸਾਰ ॥ ਗਹੰਤੇ ਨਰ ਨਾਨਕ ਨਿਹਫਲਹ ॥੬੫॥**

{ਉਧਰਣੰ = ਉਧਾਰ ਹੁੰਦਾ ਹੈ। ਰਤੰ = ਪ੍ਰੀਤੀ।}

**ਅਰਥ**—ਬ੍ਰਾਹਮਣ ਦੇ ਸੰਗ ਕਰਕੇ ਉਧਾਰ ਹੁੰਦਾ ਹੈ; (ਪਰ ਬ੍ਰਾਹਮਣ ਕੌਣ ਹੈ ?) ਜੋ ਬ੍ਰਹਮ ਕਰਮਾਂ ਕਰਕੇ ਪੂਰਨ ਹੋਵੇ, (ਚਾਹੇ ਕੋਈ ਜਾਤਿ ਹੋਵੇ)। (ਪਰ ਜੋ ਪੁਰਖ) ਮਨ ਕਰਕੇ ਸੰਸਾਰ ਵਿਖੇ ਲੰਪਟ ਹਨ, (ਗੁਰੂ) ਨਾਨਕ (ਜੀ ਫੁਰਮਾਉਂਦੇ ਹਨ ਕਿ)

Digitized by Panjab Digital Library | www.panjabdigilib.org

(ਉਨ੍ਹਾਂ ਦਾ) ਸੰਗ ਨਿਸਫਲ ਹੈ।

**ਭਾਵ**—ਇਥੇ ਗੁਰੂ ਜੀ ਨੇ ਸਿੱਧ ਕੀਤਾ ਹੈ, ਕਿ 'ਬ੍ਰਹਮਣ' ਜਾਤੀ ਦਾ ਨਾਮ ਨਹੀਂ ਹੈ, ਪਰ ਜੋ ਬ੍ਰਹਮ (ਅਕਾਲ ਪੁਰਖ) ਦੇ ਕਰਮ ਕਰਦਾ ਹੈ, ਤਾਤਪਰਜ ਇਹ ਕਿ ਜੋ ਪਰਮੇਸ਼ਰ ਪ੍ਰਾਪਤੀ ਦੇ ਕਰਮਾਂ ਵਿਚ ਮਗਨ ਹੈ, ਉਹ ਬ੍ਰਾਹਮਣ ਹੈ, ਉਸਦੀ ਸੰਗਤ ਲਾਭਦਾਇਕ ਹੈ, ਪਰ ਜੋ ਲੋਕ ਕਰਮ ਤਾਂ ਸੰਸਾਰ ਵਿਚ ਫਸਣੇ ਦੇ ਕਰਦੇ ਹਨ ਅਰ ਕਹਾਉਂਦੇ ਬ੍ਰਾਹਮਣ ਹਨ, ਸੋ ਠੱਗ ਹਨ, ਉਨ੍ਹਾਂ ਦਾ ਸੰਗ ਸਦੀਵ ਵਿਅਰਥ ਹੈ।

**ਪਰਦਰਬ ਹਿਰਣੰ ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅਕਹ ॥ ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸ ਸੂਕਰਹ ॥੬੬॥ ਮਤੇ ਸਮੇਵ ਚਰਣੰ ਉਧਰਣੰ ਭੈ ਦੁਤਰਹ ॥ ਅਨੇਕ ਪਾਤਿਕ ਹਰਣੰ ਨਾਨਕ ਸਾਧ ਸੰਗਮ ਨ ਸੰਸਯਹ ॥ ੬੭ ॥ ੪ ॥**

{ਹਿਰਣੰ = ਖੋਹਣਾ। ਸੂਕਰਹ = ਸੂਰ।<br>ਦੁਤਰ = ਨਾ ਤਰੇ ਜਾਣ ਵਾਲਾ। ਪਾਤਿਕ = ਪਾਪ।<br>ਸੰਸਯਹ = ਭਰਮ।}

**ਅਰਥ**—ਪਰਾਏ ਧਨ ਦਾ ਚੁਰਾਉਣਾ, ਬਹੁਤ ਵਿਘਨ (ਦੇ ਕੰਮ) ਕਰਨੇ, ਸਭ ਜੀਵਾਂ ਨੂੰ (ਬੁਰਾ ਭਲਾ) ਕਹਿਣਾ। ਤ੍ਰਿਸ਼ਨਾ (ਵਿਚ ਲੰਪਟ ਹੋਕੇ) ਆਹ ਬੀ ਲੈ ਲਵਾਂ (ਆਹ ਬੀ ਲੈ ਲਵਾਂ ਕਰਨਾ), ਮਾਯਾ ਕਰਕੇ ਮਨ ਦਾ ਨਾ ਰੱਜਣਾ ਏਸ ਤਰ੍ਹਾਂ ਸੂਰ ਦੇ ਕਰਮ ਕਰਨੇ ਹਨ ॥੬੬॥ ਮਸਤ ਹੋ ਕੇ ਸਮਾਉਂਣਾ

Digitized by Panjab Digital Library | www.panjabdigilib.org

ਚਰਨਾਂ ਵਿਖੇ ਦੁਸ਼ਤਰ ਤੇ ਭਿਆਨਕ (ਸੰਸਾਰ) ਤੋਂ ਪਾਰ ਹੋਣਾ ਹੈ। (ਗੁਰੂ) ਨਾਨਕ (ਸਾਹਿਬ) ਕਹਿੰਦੇ ਹਨ ਸਾਧ ਸੰਗਤ ਕਰਕੇ ਅਨੇਕ ਪਾਪਾਂ ਦਾ ਅਭਾਵ ਹੁੰਦਾ ਹੈ (ਇਸ ਵਿਚ) ਸੰਸਾ ਨਹੀਂ ਹੈ।

**ਭਾਵ—**ਪਹਿਲੇ ਸਲੋਕ ਵਿਚ ਗੁਰੂ ਜੀ ਉਨ੍ਹਾਂ ਆਦ-ਮੀਆਂ ਦਾ ਰੂਪ ਕਥਨ ਕਰਦੇ ਹਨ ਜੋ ਸੂਰਤ ਤਾਂ ਮਨੁੱਖ ਦੀ ਹਨ, ਪਰ ਵਾਸਤਵ ਵਿਚ ਸੂਰ ਦੀ ਤਰ੍ਹਾਂ ਲੁਟੇਰੇ, ਪਰਾਯਾ ਬੁਰਾ ਕਰਨ ਵਾਲੇ, ਤ੍ਰਿਸ਼ਨਾਂ ਨਾਲ ਕੁੱਠੇ ਤੇ ਅਪਵਿੱਤਰ ਘਿਰਣਾ ਪੈਦਾ ਕਰਨ ਵਾਲੇ ਸਰਬ ਥਾਂ ਬੁਰੇ ਹਨ, ਕਿਉਂਕਿ ਜੋ ਕੁਝ ਓਹ ਕਰਦੇ ਹਨ ਸੁਆਰਥ ਨੂੰ ਮੁੱਖ ਰਖਕੇ ਅਰ ਦੂਸਰਿਆਂ ਦਾ ਨਾਸ਼ ਕਰਕੇ ਕਰਦੇ ਹਨ ਅਰ ਹਰ ਵੇਲੇ ਤ੍ਰਿਸ਼ਨਾਂ ਅਗਨੀ ਵਿਖੇ ਸੜਦੇ ਰਹਿੰਦੇ ਹਨ। ਦੂਜੇ ਸਲੋਕ ਵਿਚ ਪਰਮੇਸ਼ਰ ਨੂੰ ਪ੍ਰਾਪਤ ਪੁਰਖਾਂ ਦਾ ਕਥਨ ਕਰਦੇ ਹਨ ਕਿ ਜੋ ਪਰਮੇਸ਼ੁਰ ਦੇ ਚਰਨਾਂ ਕਮਲਾਂ ਦੀ ਲਿਵ ਵਿਚ ਲੱਗੇ ਹਨ ਓਹ ਸੰਸਾਰ ਸਾਗਰ ਨੂੰ ਤਰ ਗਏ ਅਰ ਜਨਮਾਂ ਜਨਮਾਤਰਾਂ ਦੇ ਪਾਪ ਉਨ੍ਹਾਂ ਦੇ ਦੂਰ ਹੋ ਗਏ ਅਰ ਇਹ ਗਲ ਸਾਧ ਸੰਗਤ ਤੋਂ ਪ੍ਰਾਪਤ ਹੁੰਦੀ ਹੈ, ਇਸ ਵਿਚ ਸੰਸਾ ਨਹੀਂ, ਤਾਂਤੇ ਸਤ-ਸੰਗਤ ਕਰੋ, ਸਤਸੰਗਤ ਸਰਬ ਥਾਂ ਸੁਖਾਂ ਦੀ ਦਾਤੀ ਹੈ।

* ਇਤੀ *

Digitized by Panjab Digital Library | www.panjabdigilib.org

# ਖਾਲਸਾ ਟ੍ਰੈਕਟ ਸੁਸਾਇਟੀ ਦੀਆਂ
# ਅਮੋਲਕ ਪੁਸਤਕਾਂ

| | |
|---|---|
| ਸ੍ਰੀ ਗੁਰੂ ਗ੍ਰੰਥ ਕੋਸ਼ ਤਿੰਨੇ ਭਾਗ ੫।) ਹਰ ਹਿੱਸਾ ਕੁੱਲ | ੧੫।।।) |
| ਸਲੋਕ ਭਗਤ ਕਬੀਰ ਜੀ ਸਟੀਕ | ੧।) |
| ਆਸਾ ਦੀ ਵਾਰ ਸਟੀਕ | ੧।) |
| ਸ਼ਬਦ ਸਲੋਕ ਸ਼ੇਖ਼ ਫ਼ਰੀਦ ਜੀ ਸਟੀਕ | ੧।) |
| ਅਕਾਲ ਉਸਤਤ ੬ ਭਾਗ | ੨।) |
| ਬਿਲਾਵਲ ਦੀ ਵਾਰ ਸਟੀਕ ।।) ਸਲੋਕ ਮ: ੯ ਸਟੀਕ | ।।।) |
| ਹੇਮਕੁੰਟ ਗਾਈਡ ।।) ਸ੍ਰੀ ਜਾਪ ਸਾਹਿਬ ਸਟੀਕ | ।।।) |
| ਹਵਾਈ ਹਮਲੇ ਤੇ ਉਨ੍ਹਾਂ ਤੋਂ ਬਚਣ ਦੇ ਢੰਗ | ।।।) |
| ਗੁਰਸਿਖ ਵਾੜੀ ਜਿਲਦ ਸਮੇਤ | ੪) |
| ਜ਼ਿੰਦਗੀ ਨਾਮਾ ਅਨੁਵਾਦ ਸਮੇਤ (ਛੇ ਭਾਗ) | ੨।) |
| ਤਸਨੀਫ਼ਾਤੇ-ਗੋਯਾ, ਫ਼ਾਰਸੀ ਵਿਚ ਭਾਈ ਨੰਦ ਲਾਲ ਰਚਨਾਵਾਂ | ੫) |
| ਬਾਰਾਂ ਮਾਹ ਤੁਖਾਰੀ ।।।) ਅਬਚਲੀ ਜੋਤ | ੧) |
| ਸਿਧ ਗੋਸ਼ਟ ਸਟੀਕ ।।।) ਸੋਹਨੀ ਮੌਲਾ ਦੀ | ।।।) |
| ਜੰਗ ਮੜੌਲੀ ੧।।) | |

ਪਤਾ—ਸਕੱਤਰ, ਖ਼ਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ ।

Digitized by Panjab Digital Library | www.panjabdigilib.org

# ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ

ਇਹ ਸੁਸਾਇਟੀ ਕਰੀਬਨ ੭੫ ਸਾਲ ਤੋਂ ਲਗਾਤਾਰ ਪੰਥ ਦੀ ਸੇਵਾ ਕਰ ਰਹੀ ਹੈ। ਇਸ ਵੱਲੋਂ ਹਰ ਮਹੀਨੇ ਮਨੋਹਰ ਟ੍ਰੈਕਟ ਪ੍ਰਕਾਸ਼ਤ ਹੁੰਦੇ ਹਨ ਜੋ ਇਸ ਦੇ ਸਹਾਇਕਾਂ ਨੂੰ ਘੱਲੇ ਜਾਂਦੇ ਹਨ। ਇਹ ਸੰਗਤ ਕੇਵਲ ਪੰਥ ਦੀ ਹੈ, ਕਿਸੇ ਦੀ ਜ਼ਾਤੀ ਨਹੀਂ ਹੈ ਤੇ ਚੀਫ਼ ਖ਼ਾਲਸਾ ਦੀਵਾਨ ਨਾਲ ਸੰਬੰਧਤ ਹੈ। ੭) ਸਾਲਾਨਾ ਪੇਸ਼ਗੀ ਚੰਦਾ ਦੇਣ ਨਾਲ ਇਸ ਦੇ ਸਹਾਇਕ ਬਣ ਸਕੀਦਾ ਹੈ। ਚੰਦਾ ਪ੍ਰਦੇਸ਼ ਵਾਸੀਆਂ ਲਈ ੯) ਹੈ। ਹੁਣ ਤੀਕਰ ੧੩੭੮ ਤੋਂ ਉਪਰ ਟ੍ਰੈਕਟ ਛਪ ਕੇ ਲੱਖਾਂ ਦੀ ਗਿਣਤੀ ਵਿਚ ਪ੍ਰਕਾਸ਼ਤ ਹੋ ਚੁਕੇ ਹਨ। ਟ੍ਰੈਕਟ ਅਡੋ ਅੱਡ : ਧਾਰਮਕ, ਭਾਈਚਾਰਕ, ਸਿੱਖੀ ਸਿਦਕ, ਪ੍ਰੇਮ, ਗੁਰਪੁਰਬ, ਰਸੋਈ ਪ੍ਰਬੰਧ, ਸਦਾਚਾਰ, ਕੁਰੀਤੀ ਸੁਧਾਰ, ਕਿੱਤੇ, ਤੁਕਾਂ, ਤਸਵੀਰਾਂ, ਗੁਰਬਾਣੀ ਦੇ ਟੀਕੇ, ਗੁਰਸਿੱਖੀ ਦੇ ਗੁੱਝੇ ਭੇਦ, ਤੇ ਉੱਚ ਵਿਦਯਾ, ਪਦਾਰਥ ਵਿਦਯਾ, ਆਮ ਸਿਖਿਆ, ਇਤਿਹਾਸ, ਸਿੱਖੀ ਪਰ ਵੀਚਾਰ ਤੇ ਸੁਹਣੇ ਸੁਹਣੇ ਉਪਦੇਸ਼ਾਂ ਆਦਿ ਦੇ ਪ੍ਰਕਾਸ਼ਤ ਹੁੰਦੇ ਹਨ। ਹਰ ਸੱਜਣ ਨੂੰ ਸਹਾਇਕ ਬਣ ਕੇ ਲਾਭ ਉਠਾਉਣਾ ਚਾਹੀਦਾ ਹੈ। ਇਸ ਸੁਸਾਇਟੀ ਵਲੋਂ ਅਨੇਕ ਪੁਸਤਕਾਂ ਟੀਕੇ ਅਤੇ ਟ੍ਰੈਕਟ ਛਪੇ ਹੋਏ ਮਿਲ ਸਕਦੇ ਹਨ, ਜਿਨ੍ਹਾਂ ਦੀ ਸੂਚੀ ਹੇਠ ਲਿਖੇ ਪਤੇ ਤੋਂ ਮੰਗਾਈ ਜਾ ਸਕਦੀ ਹੈ।

ਸਕੱਤਰ—ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ।

Digitized by Panjab Digital Library | www.panjabdigilib.org



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1277

Digitized by Panjab Digital Library | www.panjabdigilib.org

Digitized by Panjab Digital Library | www.panjabdigilib.org